# ਖਲਾ ਦਾ ਆਦਮੀ

**ਜਗਤਾਰ ਢਾਅ**

ਦੋਸਤੋ —
ਹੁਣ ਮੈਂ ਖਲਾ ਦਾ ਆਦਮੀ ਹਾਂ ।

ਗੁੰਮ ਚੁਕੀ ਧਰਤ ਮੇਰੇ ਪੈਰਾਂ ਹੇਠੋਂ
ਤੇ ਮੈਂ ਖਲਾ ਵਿਚ
ਭਟਕਦਾ ਹਾਂ — ਲਟਕਦਾ ਹਾਂ ।

ਕੱਟ ਚੁੱਕਾ ਮੈਂ ਧਰਤ ਤੋਂ
ਜਿਉਂ ਮਰ ਜਾਏ ਕਿਸੇ ਰੁਖ ਦੀ ਛਾਂ —
ਤੇ ਹੁਣ ਮਾਂ ਦੀ ਨਾਭੀ ਵਰਗੀ
ਨਹੀਂ ਲਭਦੀ ਮੈਨੂੰ ਕੋਈ ਥਾਂ ।

ਪਤਾ ਨਹੀਂ ਹੁਣ
ਕਿਨ੍ਹਾਂ ਕਿਨ੍ਹਾਂ ਪਾਣੀਆਂ ਵਿਚ
ਹੜ੍ਹਨਾ ਪਏਗਾ —
ਤੇ ਕਿਨ੍ਹਾਂ ਕਿਨ੍ਹਾਂ ਧਰਤੀਆਂ ਦੀ ਤ੍ਰੇਹ ਮਿਟਾਉਣ ਲਈ
ਮੀਂਹ ਵਾਂਗੂੰ ਵਰ੍ਹਨਾ ਪਏਗਾ ।

ਫਿਰ ਹਾਲਾਤਾਂ ਦਾ ਵਾਸ਼ਪੀਕਰਣ
ਮੈਨੂੰ ਉਡਾ ਲਏਗਾ —
ਫਿਰ ਖਲਾ ਦਾ ਆਦਮੀ
ਮੈਨੂੰ ਬਣਾ ਦਏਗਾ —
ਤੇ ਇਹ ਸਿਲਸਿਲਾ
ਮੁੜ ਘਿੜ ਜਾਰੀ ਰਹੇਗਾ ।

ਹੁਣ ਮੈਨੂੰ ਮਾਂ ਦੀ ਗੋਦੀ ਵਰਗੀ
ਨਿਘੀ ਥਾਂ ਨਹੀਂ ਲਭਦੀ
ਤੇ ਭੈਣਾਂ ਦੇ ਮੋਹ ਵਰਗੀ
ਤਨ ਨੂੰ ਅੱਗ ਨਹੀਂ ਲਗਦੀ ।

ਮੈਥੋਂ ਗੁਆਚ ਚੁਕੇ ਨੇ ਲੋਕ ਮੇਰੇ,
ਆਪਣੇ ਲੋਕਾਂ ਬਿਨ
ਆਪਣਾ ਦੇਸ਼ ਨਹੀਂ ਹੁੰਦਾ —
ਤੇ ਆਪਣੇ ਦੇਸ਼ ਬਿਨ
ਸਵੈ-ਮਾਣ ਬਿਨ
ਇਨਸਾਨ-ਇਨਸਾਨ ਨਹੀਂ ਹੁੰਦਾ ।

ਹੁਣ ਮੈਂ ਵੇਸਵਾ ਦੇ ਕਹਿਕਹੇ ਵਾਂਗੂੰ
ਚੌਰਾਹੇ ਵਿਚ ਲਟਕਦਾ ਹਾਂ
ਤੇ ਹਵਾ ਅੱਗੇ ਉਡਦੇ ਫ਼ਿਜ਼ਾ ਮਾਰੇ ਪੱਤਿਆਂ ਵਾਂਗੂੰ
ਗੁਆਚੇ ਘਰ ਦੀ ਭਾਲ ਵਿਚ
ਥਾਂ ਥਾਂ ਭਟਕਦਾ ਹਾਂ ।

ਮੈਨੂੰ ਘਰ ਦੀ ਤਲਾਸ਼ ਹੈ
ਘਰ ਕਿ ਜਿਸ ਦੀ ਧਰਤ ਦੀ ਮੈਂ ਮੰਗ ਹੋਵਾਂ —
ਧਰਤ ਕਿ ਜਿਸ ਦੇ ਲੋਕਾਂ ਦੇ ਮੈਂ
ਅੰਗ ਸੰਗ ਹੋਵਾਂ —
ਲੋਕ ਕਿ ਜਿਨ੍ਹਾਂ ਦਾ ਮੈਂ
ਧੜਕਦੇ ਦਿਲ ਵਰਗਾ ਅੰਗ ਹੋਵਾਂ ।

ਮੈਂ ਧਰਤ ਮੰਗਾਂ,
ਕਿ ਜਿਸ ਦਾ ਲਹੂ ਪੀਣਾ ਬਾਘ ਮਰ ਜਾਵੇ —
ਤੇ ਰੰਗਾਂ, ਮਜ਼ਬਾਂ, ਕੌਮਾਂ, ਨਸਲਾਂ, ਬੋਲੀਆਂ ਦੀਆਂ
ਬਿਲੀਆਂ ਲੜਾਉਣ ਵਾਲਾ
ਬਾਂਦਰ ਸੜ ਜਾਵੇ ।

ਮੈਂ ਧਰਤ ਮੰਗਾਂ
ਕਿ ਜਿਸ ਦੀ ਨਾਭੀ ਵਿਚ ਮੈਂ
ਮਾਂ ਦੇ ਮੂੰਹ ਵਿਚ ਹੱਥ ਪਾ
ਦੁਧ ਚੁੰਘਦੇ ਬਾਲ ਵਾਂਗੂੰ
ਹੱਥ ਪਾ ਸਕਾਂ —
ਧਰਤ ਕਿ ਜਿਸ ਉਤੇ ਮੈਂ
ਧੁੱਪ ਬਣ ਕੇ ਛਾ ਸਕਾਂ ।

ਮੈਂ ਧਰਤ ਮੰਗਾਂ
ਜੋ ਸਾਰੀ ਦੀ ਸਾਰੀ
ਸਭਨਾਂ ਦਾ ਸਾਂਝਾ ਇਕ ਘਰ ਬਣੇ —
ਜਿਸ ਉਤੇ ਇਕ ਸੂਰਜ ਦੀ ਧੁਪ ਛਣੇ ।

ਧਰਤ ਕਿ ਜਿਸਦੇ ਨਿੱਘ ਦੀ ਖਿਚ
ਖਲਾ ਵਿਚ ਲਟਕਦੇ ਹਰ ਇਨਸਾਨ ਨੂੰ
ਵਾਪਸ ਧਰਤ ਉਤੇ ਖਿਚ ਲਏ —
ਤੇ ਗੁਆਚੇ ਘਰ ਦੀ ਤਲਾਸ਼ ਵਿਚ
ਨਾ ਕਿਸੇ ਨੂੰ ਭਟਕਣਾ ਪਏ ।

# ਬੰਬੇ ਸਵੀਟ ਮੈਨੂਫੈਕਚਰਰ

## FOR LARGEST VARIETY IN INDIAN SWEETS

ਉਥੇ ਸਾਰੀਆਂ ਭਾਰਤੀ ਮਠਿਆਈਆਂ - ਅਤੇ ਭਾਰਤੀ ਸਵਾਦੀ ਖਾਣੇ - ਜਿਵੇਂ ਕਿ,

*OUR TEMPTATIONS.*

Largest Variety in Indian Sweets

**Burfi - Laddo - Rasgulas - Gulab Jamuns - Masu - Pinnis**

**Balu Shahi - Besan - Petha - Gajarpak**

ਅਸੀਂ ਹਰ ਤਰਾਂ ਦੀਆਂ ਭਾਰਤੀ ਸਵਾਦੀ ਮਠਿਆਈਆਂ ਬਣਾਉਣ ਦੇ ਵਿੱਚ ਮਾਹਰ ਹਾਂ।
ਵਿਆਹ ਸ਼ਾਦੀਆਂ ਲਈ ਖਾਸ ਰਿਆਇਤ ਦਿੱਤੀ ਜਾਂਦੀ ਹੈ।

ਆਓ ਤੇ ਵਧੀਆ ਸਾਮਾਨ ਘੱਟ ਕੀਮਤਾਂ ਵਿਚ ਸਾਥੋਂ ਖਰੀਦੋ
ਥੋਕ ਤੇ ਮਠਿਆਈ ਖ਼ੀਦਣ ਲਈ

ਸ਼ੁਕਲਾ ਬ੍ਰਾਦਰਜ਼

- ਛੋਲੇ ਭਟੂਰੇ • ਸਮੋਸੇ • ਆਲੂ ਟਿੱਕੀ
- ਕਰਾਰੇ ਕਰਾਰੇ ਗੋਲਗੱਪੇ ਆਦਿ ਆਦਿ....

.....ਅਤੇ ਹੋਰ ਬਹੁਤ ਕੁਝ ਹਰ ਸਮੇਂ ਤਿਆਰ ਮਿਲੇਗਾ

**4405 MAIN ST. (AT 28TH. AVE)**
**VANCOUVER — TEL. 874-5722**



Manager: SHUKLA

ਤੁਹਾਡੀ ਸਹੂਲਤ ਨੂੰ ਮੁੱਖ ਰੱਖਦਿਆਂ ਹੋਇਆਂ
ਬੰਬੇ ਸਵੀਟ ਨੇ ਇਕ ਹੋਰ ਬਰਾਂਚ ਪੰਜਾਬੀਆਂ ਦੇ ਗੜ੍ਹ - ਪੰਜਾਬੀ ਮਾਰਕਿਟ ਵਿਚ
**6545 MAIN ST., (NEAR 49TH. AVE)** ਦੇ ਕੋਲ ਖੋਲ੍ਹ ਦਿੱਤੀ ਹੈ


**321-1414**

**WE ARE OPEN EVERY DAY 9 A.M. TO 9:30 P.M.**

# BOMBAY SWEET MANUFACTURER

# Goyal Import-Export Ltd

*Proudly announces a Grand Sale on PANASONIC and Video Machines.*



**PANASONIC'S**
**PV-1275K**
**(Best Selling Video Machine in Town)**
**8 Hours Rec., SP/LP/SLP**

| | |
|---|---|
| Regular | $ 1100 |
| Before | $ 900 |
| Now | $ 799 |



Rajinder Goyal

ਹੁਣ ਤੁਹਾਨੂੰ ਬਹੁਤ ਸੋਹਣੀ ਤੇ ਹਾਸੇ ਨਾਲ ਭਰਪੂਰ ਫਿਲਮ ਸਹੁਰਾ ਤੇ ਜਵਾਈ ਗੋਇਲ ਵੀਡੀਓਜ਼ ਕਿੰਗ ਤੋਂ ਮਿਲ ਸਕਦੀ ਹੈ। ਅਸੀਂ ਹਰ ਹਫ਼ਤੇ ਹਿੰਦੀ ਅਤੇ ਪੰਜਾਬੀ ਦੀਆਂ ਨਵੀਆਂ ਅਤੇ ਪੁਰਾਣੀਆਂ ਫਿਲਮਾਂ ਰੀਲੀਜ਼ ਕਰਦੇ ਹਾਂ।

ਜਾਣਕਾਰੀ ਲਈ ਫੋਨ
873 - 8308



**PV-1370K VIDEO MACHINE**
**(Acknowledged As one of the Best VHS Machines)**
**SP/LP/SLP, Omnisearch, Still frame, 9 Button Remote**

| | |
|---|---|
| Regular | $ 1650 |
| Before | $ 1175 |
| Now | $ 999 |

**ਅਸੀਂ ਵਿਡੀਓ ਟੇਪਾਂ ਦੇ ਸਭ ਤੋਂ ਵੱਡੇ ਡਿਟ੍ਰੀਬਿਊਟਰ ਹਾਂ। ਹੋਲ ਸੇਲ ਤੇ ।ਵਡੀਓ ਟੇਪਾਂ ਖ੍ਰੀਦਣ ਲਈ ਸਾਨੂੰ ਫੋਨ ਕਰੋ**

**TOSHIBA'S V-9200(1982 Model)**
**Remote-control, 7 days programmer, Front loading etc.**
**VERY SPECIAL AT ONLY $899.00**

4156 Fraser St., Vancouver,
**(604)873-8308**

---

# Goyal Travels Inc.

IATA

**4152 Fraser Street, Vancouver, B.C., Canada V5V 4E8**
**PH: (604) 872-7658**

**Cheapest Fares to:**
**FIJI—INDIA—PAKISTAN—COLOMBO—NEPAL**

## THINKING OF TRAVEL?

**WE CAN SAVE YOU**
**TIME—TROUBLE—MONEY**

**ASSOCIATED OFFICES IN INDIA:**
- Court Road, Moga, Distt. Faridkot Phone 2798
- Court Road, Jagraon, Distt. Ludhiana Phone 252

"ONE-STOP" GROCERY CENTRE

# Victoria Food Centre

## FIGURE ON SAVINGS

WHEN YOU FOOD SHOP HERE

## FRESH

*Vegetables from Fiji*
*Every Week*

*SPECIAL SHIPMENT*
*JUST ARRIVED*

**LARGE VARIETY OF RECORDS & 8-TRACKS**

SPECIAL OFFER:

**ALL SIZES HEAVY-BOTTOM PATILAS**

ਹਰ ਸਾਈਜ਼ ਦੇ ਭਾਰੇ ਥੱਲੇ
ਵਾਲੇ ਪਤੀਲੇ ਦੀ ਸੇਲ

**CLEANLINESS**

**LOWEST PRICES —PURE & FRESH QUALITY GROCERY ITEMS**

**5380 VICTORIA DRIVE [AT 38TH]**
**VANCOUVER**
**PH: 325-2933**

LITERARY & CULTURAL
BI-MONTHLY OF PANJABI

# THE WATNO DŪR

P.O.Box 67681 Stn.'O'
Vancouver, B.C. V5W 3V2

ਪੰਜਾਬੀ ਦਾ ਸਾਹਿਤਕ ਤੇ
ਸੱਭਿਆਚਾਰਕ ਦੋ ਮਾਸਕ - ਪੱਤਰ

# ਵਤਨੋਂ ਦੂਰ

P.O.Box 67681 Stn.'O'
Vancouver, B.C. V5W 3V2

| | | |
|---|---|---|
| 2nd Class Mail Reg. No.3233<br>ANNUAL SUBSCRIPTION:<br>Canada-U.S.A. $10.00<br>Other SEA $10.00<br>Countries AIR $15.00 | VOL. 10 NO. 93<br>July/ AUG. 1982 | *All officeholders and members of WATNO DUR PUBLICATIONS (Reg'd.) past and present have been and are honorary associates of WATNO DUR.* |

EDITOR:
Sadhu, 437-9014

ASSISTANT EDITOR:
Sukhwant Hundal, 321-9221

CIRCULATION EDITORS:
Amarjit Chahal, 581-0406
Inderjit Rode,

ADVERTISING AND
MANAGING EDITOR:
Paul Binning, 879-3339

ADVISERS:
Ajmer Rodey, 438-7793
Surinder Dhanjal (403) 539-9614

WATNO DUR REPRESENTATIVES:
Raghbir Mand, 325-9564 Vancouver
Iqbal Ramuwalia, Toronto
Avtar Gill, Sherwood Park Alta (464-3851)
Dave Jatana, Prince Rupert 627-7209
Harnek Mann, Pr. George (564-6245)
J.S. Aulakh, Mission (826-4888)
Avtar Rodey, Quesnel (992-7578)
Tej Sandhu, Quesnel (992-6775)
*Satwant Deepak, Edmonton 469-2444*
Kashmira Singh Chaman, Calgary (248-2841)
Jagdev S. Jatana, Fort Nelson (774-6308)
LATT BHINDER EDMONTON 435-7469

ਭਾਰਤ ਵਿੱਚ ਪਰਚੇ ਲਈ ਸਹਿਯੋਗ
ਇੱਕ ਕਾਪੀ - 2 ਰੁਪਏ
ਸਲਾਨਾ - 10 ਰੁਪਏ
ਇਸ ਲਈ ਤੁਸੀਂ ਸੁਰਿੰਦਰ ਕੈਲੇ ਨੂੰ ਹੇਠ ਲਿਖੇ ਪਤੇ ਤੇ ਸੰਪਰਕ ਕਰੋ।

Surinder Kailay
9-D, Sarabha Nagar
Ludhiana 141001

ਵਤਨੋਂ ਦੂਰ ਵਿਚ ਛਪੀਆਂ ਰਚਨਾਵਾਂ ਨਾਲ ਵਤਨੋਂ ਦੂਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ; ਵਿਚਾਰ ਲੇਖਕਾਂ ਦੇ ਆਪਣੇ ਨਿਜੀ ਹਨ।

## ਇਸ ਅੰਕ ਵਿੱਚ

ਕਵਿਤਾਵਾਂ : ਜਗਤਾਰ ਢਾਅ, ਸੁਰਿੰਦਰ ਧੰਜਲ, ਇਕਬਾਲ ਰਾਮੂਵਾਲੀਆ, ਰਵਿੰਦਰ ਰਵੀ, ਸਾਧੂ, ਦਰਸ਼ਨ ਗਿੱਲ, ਜਗਦੇਵ ਜਟਾਣਾ, ਹਰਦੇਵ ਵੜੈਚ, ਚਰਨ ਸਿੰਘ, ਸਰਵਣ ਚੋਲ, ਗੁਰਦੀਪ ਇਕੋਲਾਹੀ, ਅਮਰੀਕ ਪਲਾਹੀ।
ਕਹਾਣੀਆਂ : ਪ੍ਰੇਮ ਗੋਰਖੀ, ਰਾਜਾ ਬਰਾੜ
ਸਥਾਈ ਕਾਲਮ: ਦੂਰੋਂ ਨੇੜਿਓਂ
ਲੇਖ : ਰਾਜ ਚੌਹਾਨ
ਰਿਪੋਰਟ : ਅਮਰਜੀਤ ਸੂਰੀ
ਇੱਕ ਖ਼ਤ : ਸੁਖਿੰਦਰ

## ਜਦੋਂ ਤੁਹਾਡਾ ਪਤਾ ਬਦਲੇ

ਕਿਰਪਾ ਕਰਕੇ ਆਪਣਾ:
i) ਨਵਾਂ ਪਤਾ
ii) ਜ਼ਿੱਪ ਨੰਬਰ
iii) ਪੋਸਟਲ ਕੋਡ ਨੰਬਰ
iv) ਟੈਲੀਫ਼ੋਨ ਨੰਬਰ
ਸਾਨੂੰ ਭੇਜੋ।

# ਐਡੀਟੋਰੀਅਲ

ਇਸ ਸਮਾਜ ਵਿਚ ਹਰ ਮਨੁੱਖੀ ਰਿਸ਼ਤੇ ਉਪਰ ਮੰਡੀ ਦੇ ਰਿਸ਼ਤੇ ਭਾਰੂ ਹੋ ਚੁੱਕੇ ਹਨ। ਪਿਉ ਪੁੱਤ ਮਾਂ-ਧੀ, ਭੈਣ-ਭਰਾ, ਪਤੀ ਪਤਨੀ ਸਭ ਰਿਸ਼ਤਿਆਂ ਵਿੱਚ ਹੀ ਪੈਸੇ ਦਾ ਸਪੋਲੀਆ ਪੂਰੀ ਤਰ੍ਹਾਂ ਵਿਸ ਘੋਲ ਗਿਆ ਹੈ। ਹਰ ਰਿਸ਼ਤੇ ਦੀ ਜੜ੍ਹ ਵਿੱਚ ਪੈਸੇ ਦੇ ਲੈਣ ਦੇਣ ਤੋਂ ਸਿਵਾ ਕੁਝ ਨਹੀਂ ਬਚਿਆ ਨਜ਼ਰ ਆਉਂਦਾ ਅਤੇ ਇਸ ਲੈਣ ਦੇਣ ਦੇ ਚੱਕਰ ਵਿੱਚ ਕੋਈ ਵੀ ਘਾਟੇ ਦਾ ਸੌਦਾ ਨਹੀਂ ਕਰਨਾ ਚਾਹੁੰਦਾ ਨਤੀਜੇ ਵਜੋਂ ਹਰ ਰਿਸ਼ਤੇ ਵਿੱਚ ਤ੍ਰੇੜਾਂ ਹਨ, ਹਰ ਕੋਈ ਇੱਕ ਦੂਜੇ ਵਿਰੁੱਧ ਸ਼ਿਕਾਇਤਾਂ ਨਾਲ ਭਰਿਆ ਪਿਆ ਹੈ। ਇਸ ਮੁਨਾਫੇ ਦਾ ਸੌਦਾ ਕਰਨ ਦੇ ਸ਼ੋਰ-ਗੁੱਲ ਵਿੱਚ ਜੇ ਕੋਈ ਇਹਨਾਂ ਰਿਸ਼ਤਿਆਂ ਤੋਂ ਉਪਰ ਉੱਠਣਾ ਚਾਹੁੰਦਾ ਹੈ ਜਾਂ ਕੋਈ ਅਜਿਹਾ ਕੰਮ ਕਰਨਾ ਚਾਹੁੰਦਾ ਹੈ ਜੀਹਦੇ ਵਿੱਚ ਨਿੱਜ ਦੇ ਮੁਨਾਫੇ ਦੀ ਲਾਲਸਾ ਨਾ ਹੋਵੇ ਤਾਂ ਕੋਈ ਵੀ ਉਸ ਤੇ ਯਕੀਨ ਨਹੀਂ ਕਰਦਾ। ਪੁੱਠੇ ਲਟਕ ਰਹੇ ਇਸ ਸਮਾਜ ਵਿੱਚ ਸਿੱਧਾ ਖੜਾ ਹੋਣ ਦੀ ਕੋਸ਼ਿਸ਼ ਕਰਨ ਵਾਲਾ ਦੁਨੀਆਂ ਨੂੰ ਪੁੱਠਾ ਨਜ਼ਰ ਆਉਂਦਾ ਹੈ। ਉਹਨੂੰ ਸਿੱਧੇ ਰਸਤੇ ਪਾਉਣ ਲਈ ਪੈਰ ਪੈਰ ਤੇ ਰੋੜੇ ਅਟਕਾਏ ਜਾਂਦੇ ਹਨ, ਹਰ ਦਰਵਾਜ਼ਾ ਬੰਦ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

ਪਿਛਲੇ ਵਰ੍ਹਿਆਂ ਵਿੱਚ ਵਤਨੋਂ ਦੂਰ ਨੂੰ ਆਈਆਂ ਆਰਥਿਕ ਔਕੜਾਂ, ਤੰਗੀਆਂ ਵੀ ਇਸੇ ਚੱਕਰ ਦਾ ਹਿੱਸਾ ਹਨ। ਉਹਨਾਂ ਲਈ ਕੋਈ ਵੀ ਸੰਸਥਾ ਜਾਂ ਵਿਅਕਤੀ ਸਿੱਧੇ ਤੌਰ ਤੇ ਉਨਾਂ ਜ਼ੁੰਮੇਵਾਰ ਨਹੀਂ ਜਿੰਨਾ ਮੌਜੂਦਾ ਆਰਥਿਕ ਤੇ ਸਮਾਜਿਕ ਢਾਂਚਾ।

ਵਤਨੋਂ ਦੂਰ ਲੋਕਾਂ ਦੀਆਂ ਧਾਰਮਿਕ, ਸਿਆਸੀ ਤੇ ਨਿੱਜੀ ਕਮਜ਼ੋਰੀਆਂ ਦਾ ਫਾਇਦਾ ਉਠਾ ਕੇ ਮੁਨਾਫਾ ਨਹੀਂ ਕਮਾ ਰਿਹਾ, ਦੂਜਿਆਂ ਦੀਆਂ ਸਿਰੀਆਂ ਫੇਹ ਕੇ ਆਪਣਾ ਵਪਾਰ ਨਹੀਂ ਵਧਾ ਰਿਹਾ, ਕਿਸੇ ਨੂੰ ਬਿਨਾ ਵਿਆਜ ਉਤਾਂਹ ਨਹੀਂ ਚੁੱਕ ਰਿਹਾ, ਕਿਸੇ ਨੂੰ ਸੌੜੇ ਕਾਰਨਾਂ ਲਈ ਮਿੱਟੀ 'ਚ ਨਹੀਂ ਮੇਲ ਰਿਹਾ, ਇਸ ਕਰਕੇ ਵਤਨੋਂ ਦੂਰ ਸ਼ਾਇਦ ਕੁਝ ਲੋਕਾਂ ਦੇ ਮਨਾਂ ਤੋਂ ਲਹਿ ਗਿਆ ਜਾਪਦਾ ਹੈ। ਪਰ ਇਹ ਖੁਸ਼ੀ ਦੀ ਗੱਲ ਹੈ ਕਿ ਪੰਜਾਬੀਆਂ ਵਿੱਚ ਅਸਲੀਅਤ ਨੂੰ ਸਮਝਣ ਵਾਲੇ ਲੋਕਾਂ ਦੀ ਗਿਣਤੀ ਵਧ ਰਹੀ ਹੈ ਜਿਹਨਾਂ ਦੇ ਸਹਿਯੋਗ ਨਾਲ ਪਰਚਾ ਆਪਣੀ ਗਿਣੀ ਮਿੱਥੀ ਤੋਰ ਨਿਰੰਤਰ ਤੁਰਿਆ ਹੈ ਅਤੇ ਤੁਰਦਾ ਰਹੇਗਾ।

ਇਸ ਅੰਕ ਨਾਲ ਵਤਨੋਂ ਦੂਰ ਆਪਣੇ ਦਸਵੇਂ ਵਰ੍ਹੇ ਵਿੱਚ ਪ੍ਰਵੇਸ਼ ਕਰ ਰਿਹਾ ਹੈ। ਪਿਛਲੇ ਘਾਟਿਆਂ, ਕਮਜ਼ੋਰੀਆਂ ਤੋਂ ਮਾਯੂਸ ਹੋਣ ਦੇ ਉਲਟ ਇਹ ਭਵਿਖ ਪ੍ਰਤੀ ਦ੍ਰਿੜ੍ਹ ਹੈ। ਸਾਨੂੰ ਆਪਣੇ ਸੁਹਿਰਦ ਪਾਠਕਾਂ ਤੇ ਸਹਿਯੋਗੀਆਂ ਤੇ ਪੂਰਾ ਭਰੋਸਾ ਹੈ ਕਿ ਉਹ ਪਹਿਲਾਂ ਦੀ ਤਰ੍ਹਾਂ ਵਤਨੋਂ ਦੂਰ ਨੂੰ ਆਪਣਾ ਵੱਡਮੁੱਲਾ ਸਹਿਯੋਗ ਦਿੰਦੇ ਰਹਿਣਗੇ। ਸਾਧੂ


**Inflation-resistant Insurance**

BUS: 682-7531

RES: 254-5837



MAKE THAT CALL NOW

Sudesh Kalla

**"I've got a plan to help you build a better tomorrow."**

REDUCE YOUR INCOME TAX AND BUILT A GUARANTEED PENSION

**NORTH AMERICAN LIFE**

1010-1090 West Georgia St., Vancouver,

**ਬੁੱਕ ਕੀਪਿੰਗ, ਅਕਾਂਊਟਿੰਗ ਅਤੇ ਇਨਕਮ ਟੈਕਸ ਸਬੰਧੀ**

ਤਜਰਬੇਕਾਰ ਸਲਾਹ ਮਸ਼ਵਰੇ ਲਈ

ਮਿਲੋ ਜਾਂ ਫੂਨ ਕਰੋ

ਰਣਜੀਤ ਸਿੰਘ ਬੈਂਸ

REMEMBER

FOR ACCOUNTING, BOOKKEEPING, INCOME TAX.

CALL OR VISIT

RANJIT SINGH BAINS

BAINS TAX & ACCOUNTING SERVICES

10-6679 MAIN STREET., VAN., B.C.

321-2132

# ਨੇੜਿਓਂ

ਇਸ ਵਾਰ ਦੇ 'ਦੂਰੋਂ ਨੇੜਿਓਂ' ਵਿਚਲੇ 'ਸੁਚੱਜਾ ਕਦਮ' ਤੇ 'ਕੁੱਝ ਗੀਤਾਂ ਦਾ ਪ੍ਰੋਗਰਾਮ' ਵਤਨੋਂ ਦੂਰ ਦੇ ਪਿਛਲੇ ਅੰਕ ਲਈ ਲਿਖੇ ਗਏ ਸਨ ਪਰ ਥਾਂ ਦੀ ਕਮੀ ਹੋਣ ਕਰਕੇ ਨਹੀਂ ਦਿੱਤੇ ਗਏ।

## ਸੁਚੱਜਾ ਕਦਮ

ਕਮਿਊਨਿਟੀ ਸੈਂਟਰ ਦੀ ਲੋੜ ਵੈਨਕੂਵਰ ਤੇ ਇਸਦੇ ਆਸ ਪਾਸ ਵਸਦੇ ਵੱਡੀ ਗਿਣਤੀ ਭਾਰਤੀ ਪਿਛਲੇ ਕਈ ਸਾਲਾਂ ਤੋਂ ਬੜੀ ਸ਼ਿੱਦਤ ਨਾਲ ਮਹਿਸੂਸ ਕਰਦੇ ਰਹੇ ਹਨ। ਬਹੁਤ ਸਾਰੇ ਲੋਕਾਂ ਨੇ ਵਿਅਕਤੀਗਤ ਤੌਰ ਤੇ ਸਮੇਂ ਸਮੇਂ ਇਸ ਬਾਰੇ ਆਵਾਜ਼ ਉਠਾਈ ਹੈ ਅਤੇ ਕਈ ਸੰਸਥਾਵਾਂ ਨੇ ਵੀ ਇਸ ਪਾਸੇ ਵੱਲ ਕਦਮ ਚੁੱਕਣ ਦੀ ਕੋਸ਼ਿਸ਼ ਕੀਤੀ ਹੈ ਪਰ ਉਹ ਇਸ ਵਿੱਚ ਕਾਮਯਾਬ ਨਹੀਂ ਹੋ ਸਕੇ। ਉਹਨਾਂ ਦੀ ਅਸਫਲਤਾ ਦਾ ਵੱਡਾ ਕਾਰਣ ਇਹ ਹੀ ਕਿਹਾ ਜਾ ਸਕਦਾ ਹੈ ਕਿ ਇਹ ਇੱਕ ਬਹੁਤ ਵੱਡਾ ਪ੍ਰਾਜੈਕਟ ਹੈ। ਜਿਸਨੂੰ ਬਹੁ-ਗਿਣਤੀ ਲੋਕ ਹੀ ਮਿਲ ਕੇ ਕਾਮਯਾਬ ਕਰ ਸਕਦੇ ਹਨ। ਤੇ ਉਹ ਸੰਸਥਾਵਾਂ ਜਾਂ ਵਿਅਕਤੀ ਲੋਕਾਂ ਨੂੰ ਇੱਕ ਥਾਂ ਕਰਨ ਵਿੱਚ ਸਫਲ ਨਹੀਂ ਹੋ ਸਕੇ ਇੰਨੇ ਵੱਡੇ ਕੰਮ ਨੂੰ ਕੋਈ ਵੱਡੀ ਜੱਥੇਬੰਦੀ, ਜਿਹਦੀਆਂ ਆਮ ਲੋਕਾਂ ਵਿੱਚ ਜੜ੍ਹਾਂ ਹੋਣ, ਉਹ ਹੀ ਸਿਰੇ ਚਾੜ੍ਹ ਸਕਦੀ ਹੈ ਤੇ ਖਾਲਸਾ ਦਿਵਾਨ ਸੋਸਾਇਟੀ (ਰੌਸ ਸਟਰੀਟ) ਬਿਨਾਂ ਕਿਸੇ ਸ਼ੱਕ ਦੇ ਇਸ ਵੇਲੇ ਸੱਭ ਤੋਂ ਵੱਡੀ ਤੇ ਤਾਕਤਵਰ ਸੰਸਥਾ ਹੈ। ਆਮ ਲੋਕਾਂ ਨੂੰ ਉਹਨਾਂ ਉਪਰ ਇਸ ਗੱਲ ਦਾ ਪੂਰਾ ਭਰੋਸਾ ਹੈ ਕਿ ਉਹ ਇਸ ਔਖੇ ਪਰ ਅਤੀ ਜਰੂਰੀ ਕੰਮ ਨੂੰ ਸਿਰੇ-ਚਾੜ੍ਹ ਸਕਦੀ ਹੈ। ਇਸ ਕਰਕੇ ਜਦੋਂ ਕਮੇਟੀ ਨੇ ਇਸ ਕੰਮ ਨੂੰ ਸ਼ੁਰੂ ਕਰਨ ਬਾਰੇ ਐਲਾਨ ਕੀਤਾ ਤਾਂ ਆਮ ਲੋਕਾਂ ਨੇ ਇਸ ਨਾਲ ਸਹਿਮਤੀ ਪ੍ਰਗਟਾਈ।

ਇਸ ਗੱਲ ਦੀ ਆਸ ਕੀਤੀ ਜਾਂਦੀ ਹੈ ਕਿ ਖਾਲਸਾ ਦੀਵਾਨ ਸੋਸਾਇਟੀ ਵਾਲੇ ਦੂਜੀਆਂ ਗੁਰਦੁਆਰਾ ਕਮੇਟੀਆਂ ਨੂੰ ਹੀ ਨਹੀਂ ਬਲਕਿ ਹੋਰ ਧਾਰਮਿਕ, ਸਿਆਸੀ, ਤੇ ਸਭਿਆਚਾਰਕ ਸੰਸਥਾਵਾਂ ਨੂੰ ਵੀ ਇਸ ਕੰਮ ਵਿੱਚ ਆਪਣੇ ਨਾਲ ਜੋੜਣ ਵਿੱਚ ਕਾਮਯਾਬ ਹੋਣਗੇ। ਸਮੁੱਚੀ ਕਮਿਊਨਿਟੀ ਜੇ ਇਸ ਕੰਮ ਲਈ ਇੱਕ ਜੁੱਟ ਲਾਮ-ਬੰਦ ਹੋ ਜਾਵੇ ਤਾਂ ਇਹ ਪ੍ਰਾਜੈਕਟ ਕੋਈ ਵੱਡਾ ਜਾਂ ਔਖਾ ਨਹੀਂ।

ਅਸੀਂ ਆਪਣੇ ਪਾਠਕਾਂ ਨੂੰ ਕਮੇਟੀ ਨੂੰ ਹਰ ਤਰ੍ਹਾਂ ਦਾ ਸਹਿਯੋਗ ਦੇਣ ਦੀ ਸਲਾਹ ਦਿੰਦੇ ਹਾਂ ਨਾਲ ਹੀ ਅਸੀਂ ਕਮੇਟੀ ਨੂੰ ਕੁਝ ਇੱਕ ਸੁਝਾਅ ਵੀ ਦੇਣੇ ਚਾਹੁੰਦੇ ਹਾਂ। ਕਮਿਊਨਿਟੀ ਸੈਂਟਰ ਦੀ ਕਮੇਟੀ ਵਲੋਂ ਪੇਸ਼ ਕੀਤੀ ਰੂਪ ਰੇਖਾ ਵਿਚੋਂ ਇੱਕ ਗੱਲ ਤਾਂ ਬੜੀ ਸਾਫ ਜ਼ਾਹਰ ਹੈ ਕਿ ਸੈਂਟਰ ਇੱਕ ਹੋਰ ਗੁਰਦੁਆਰਾ ਨਹੀਂ ਹੋਵੇਗਾ ਸਗੋਂ ਇੱਕ ਵੱਖਰੀ ਕਿਸਮ ਦਾ ਪਰ ਗੁਰਦੁਆਰੇ ਵਾਂਗ ਹੀ ਸਾਂਝਾ ਅਸਥਾਨ ਹੋਵੇਗਾ। ਉਹਦੇ ਵਿੱਚ ਬੱਚਿਆਂ ਦੀ ਪੜ੍ਹਾਈ ਦਾ ਪ੍ਰਬੰਧ, ਖੇਡਾਂ ਦਾ ਪ੍ਰਬੰਧ; ਬਜ਼ੁਰਗਾਂ ਲਈ ਯੋਗ ਅਸਥਾਨ ਤੇ ਫਿਊਨਲ ਹੋਮ ਆਦਿ ਦਾ ਪ੍ਰਬੰਧ ਹੋਵੇਗਾ। ਸੈਂਟਰ ਦੇ ਇਹ ਅੰਗ ਬਹੁਤ ਜਰੂਰੀ ਹਨ ਤੇ ਹਰ ਹਾਲਤ ਵਿੱਚ ਬਨਣੇ ਚਾਹੀਦੇ ਹਨ। ਪਰ ਕਿਉਂਕਿ ਇਹ ਇੱਕ ਸਭਿਆਚਾਰਕ ਕੇਂਦਰ ਵੀ ਬਨਣਾ ਹੈ ਇਸ ਕਰਕੇ ਇਸ ਵਿੱਚ ਇਹਨਾਂ ਚੀਜ਼ਾਂ ਦੇ ਨਾਲ ਨਾਲ ਕੁਝ ਹੋਰ ਚੀਜ਼ਾਂ ਦਾ ਵੀ ਪ੍ਰਬੰਧ ਹੋਣਾ ਚਾਹੀਦਾ ਹੈ। ਇਹ ਇੱਕ ਸਚਾਈ ਹੈ ਕਿ ਕਿਸੇ ਵੀ ਕੌਮ ਦੇ ਸਭਿਆਚਾਰ ਦਾ ਪ੍ਰਗਟਾ ਉਹਦੀ ਬੋਲੀ ਵਿੱਚ ਲਿਖੇ ਸਾਹਿਤ, ਲੋਕ ਨਾਚਾਂ, ਗੀਤ ਸੰਗੀਤ, ਨਾਟਕ ਆਦਿ ਰਾਹੀਂ ਹੀ ਹੁੰਦਾ ਹੈ। ਪੰਜਾਬੀਆਂ ਵਿੱਚ ਇਹ ਕਮੀ ਰਹੀ ਹੈ ਤੇ ਹੈ ਵੀ, ਕਿ ਇਹਨਾਂ ਆਪਣੇ ਬੋਲੀ ਦੇ ਸਾਹਿਤ ਤੇ ਸਭਿਆਚਾਰ ਨੂੰ ਉਸ ਹੱਦ ਤੱਕ ਨਹੀਂ ਅਪਣਾਇਆ ਜਿੰਨਾਂ ਕਿ ਇੱਕ ਬਹਾਦਰ ਤੇ ਅਣਖੀਲੀ ਕੌਮ ਨੂੰ ਅਪਨਾਉਣਾ ਚਾਹੀਦਾ ਹੈ। ਨਤੀਜੇ ਵਜੋਂ ਪੰਜਾਬੀ ਬੋਲੀ ਨਾਲ ਤੇ ਪੰਜਾਬੀ ਸਭਿਆਚਾਰ ਨਾਲ ਹਰ ਥਾਂ ਵਿਤਕਰਾ ਹੋਇਆ ਹੈ। ਜੇ ਹੁਣ ਇਸ ਨਵੇਂ ਅਸਥਾਨ ਨੂੰ ਅਸੀਂ ਪੂਰਣ ਸਭਿਆਚਾਰਕ ਕੇਂਦਰ ਦਾ ਰੂਪ ਦੇਣਾ ਹੈ ਤਾਂ ਇਸ ਵਿਚੋਂ ਪੰਜਾਬੀ ਬੋਲੀ, ਸਾਹਿਤ, ਲੋਕਨਾਚ, ਸੰਗੀਤ ਤੇ ਨਾਟਕ ਨੂੰ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ। ਅਸੀਂ ਕਮੇਟੀ ਨੂੰ ਅਪੀਲ ਕਰਦੇ ਹਾਂ ਕਿ ਉਹ ਪੰਜਾਬੀ ਸਭਿਆਚਾਰ ਦੇ ਇਹਨਾ-ਅਣਗੌਲੇ ਅੰਗਾਂ ਵੱਲ ਵੀ ਯੋਗ ਧਿਆਨ ਦੇਵੇ।

ਸੈਂਟਰ ਵਿੱਚ ਇੱਕ ਪੰਜਾਬੀ ਸਾਹਿਤ ਦੀ ਲਾਇਬ੍ਰੇਰੀ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਨਾਲ ਵੈਨਕੂਵਰ ਤੇ ਆਸ ਪਾਸ ਵਸਦੇ ਪੰਜਾਬੀ ਦੇ ਸਾਹਿਤਕਾਰਾਂ ਤੇ ਕਲਾਕਾਰਾਂ ਲਈ ਆਪਣੀਆਂ ਇਕੱਤਰਤਾਵਾਂ ਤੇ ਹੋਰ ਸਰਗਰਮੀਆਂ ਲਈ ਜਗ੍ਹਾ ਹੋਣੀ ਚਾਹੀਦੀ ਹੈ। ਪੰਜਾਬੀ ਦੇ ਲੋਕ-ਨਾਚ, ਜਿਹਨਾਂ ਰਾਹੀਂ ਪੰਜਾਬੀ ਸੱਭਿਆਚਾਰ ਨੂੰ ਗੈਰ ਪੰਜਾਬੀਆਂ ਵਿੱਚ ਪੇਸ਼ ਕੀਤਾ ਜਾ ਸਕੇ (ਜਿਵੇਂ ਕੁਝ ਸੰਸਥਾਵਾਂ ਨੇ ਪਿਛਲੇ ਦਸਾਂ ਸਾਲਾਂ ਵਿੱਚ ਕੀਤਾ ਹੈ) ਉਹਨਾਂ ਲਈ ਵੀ ਸੈਂਟਰ ਵਿੱਚ ਸਹੂਲਤਾਂ ਹੋਣੀਆਂ ਚਾਹੀਦੀਆਂ ਹਨ। ਸਮੁੱਚੀ ਕਮਿਊਨਿਟੀ ਨੂੰ ਚਾਹੀਦਾ ਹੈ ਕਿ ਉਹ ਜਿਸ ਤਰ੍ਹਾਂ ਖਿਡਾਰੀਆਂ ਨੂੰ ਮਾਣ ਤੇ ਸਤਿਕਾਰ ਦਿੰਦੇ ਹਨ ਇਸੇ ਤਰ੍ਹਾਂ ਆਪਣੇ ਸਾਹਿਤਕਾਰਾਂ ਤੇ ਕਲਾਕਾਰਾਂ ਨੂੰ ਵੀ ਕਮਿਊਨਿਟੀ ਵਿੱਚ ਯੋਗ ਥਾਂ ਦੇਵੇ। ਪੰਜਾਬੀ ਸਾਹਿਤਕ ਤੇ ਸਭਿਆਚਾਰਕ ਸੰਸਥਾਵਾਂ ਅਕਸਰ ਗਰੀਬ ਹੀ ਹੁੰਦੀਆਂ ਹਨ। ਤੇ ਉਹ ਖੁਦ ਕੋਈ ਆਪਣੇ ਲਈ ਥਾਂ ਬਨਾਉਣ ਯੋਗ ਨਹੀਂ ਹੁੰਦੀਆਂ ਇਸ ਕਰਕੇ ਅਸੀਂ ਕਮਿਊਨਿਟੀ ਸੈਂਟਰ ਲਈ ਕੰਮ ਕਰ ਰਹੇ ਯੋਗ ਤੇ ਸਿਆਣੇ ਆਗੂਆਂ ਨੂੰ ਇਹ ਸੁਝਾਅ ਦੇਵਾਂਗੇ ਕਿ ਪੰਜਾਬੀ ਬੋਲੀ ਤੇ ਸਭਿਆਚਾਰ ਵੱਲ ਵੀ ਧਿਆਨ ਦੇਣ। -ਸਾਧੂ

# ਲੁੱਚੇ ਗੀਤਾਂ ਦੇ ਪ੍ਰੋਗਰਾਮ

ਪੰਜਾਬੀ ਗੀਤ ਗਾਇਕ ਜਦ ਕਦੇ ਵੀ ਬਾਹਰ ਵਸਦੇ ਪੰਜਾਬੀਆਂ ਦਾ ਮਨੋਰੰਜਨ ਕਰਨ ਲਈ ਬੁਲਾਏ ਜਾਂਦੇ ਹਨ ਤਾਂ ਇਹਨਾਂ ਬਾਹਰਲੇ ਦੇਸ਼ਾਂ ਦੇ ਪਿੰਡਾਂ ਸ਼ਹਿਰਾਂ ਵਿੱਚ ਵਸਦੇ ਪੰਜਾਬੀ (ਜੋ ਜੀਵਨ ਦੇ ਦਿਨ ਇੱਥੋਂ ਦੀ ਮਸ਼ੀਨ ਜ਼ਿੰਦਗੀ ਵਿੱਚ ਕਟ ਰਹੇ ਹਨ) ਕੁਝ ਪਲ ਝੂਮ ਕੇ ਬਿਤਾਉਣਾ ਚਾਹੁੰਦੇ ਹਨ। ਆਪਣੇ ਗੀਤ- ਸੰਗੀਤ ਨਾਲ।

ਪਿਛੇ ਜਿਹੇ ਜਗਮੋਹਨ ਕੌਰ ਅਤੇ ਪਾਰਟੀ ਦਾ ਪ੍ਰੋਗਰਾਮ ਸੀ। ਸੁਨਣ ਵਿੱਚ ਆਇਆ ਕਿ ਉਸ ਪ੍ਰੋਗਰਾਮ ਵਿੱਚ ਜ਼ਿਆਦਾ ਰੌਲਾ ਅਤੇ ਖੱਪ ਪਈ ਕਿ ਉਹਨਾਂ ਨੂੰ ਲੋਕਾਂ ਨੇ ਪ੍ਰੋਗਰਾਮ ਵੀ ਚੰਗੀ ਤਰ੍ਹਾਂ ਨਹੀਂ ਕਰਨ ਦਿੱਤਾ।

ਹੁਣ 26 ਜੂਨ ਨੂੰ ਰਣਜੀਤ ਕੌਰ, ਮੁਹੰਮਦ ਸਦੀਕ ਅਤੇ ਫਿਲਮੀ ਕਲਾਕਾਰ ਮੇਹਰ ਮਿੱਤਲ ਦਾ ਪ੍ਰੋਗਰਾਮ ਸੀ ਇਸ ਪ੍ਰੋਗਰਾਮ ਦੀਆਂ ਲੋਕਾਂ ਨੂੰ ਗੇਟ ਉਪਰ ਸ਼ਾਇਦ ਟਿਕਟਾਂ ਤੱਕ ਵੀ ਨਹੀਂ ਮਿਲੀਆਂ। ਹੋਇਆ ਇਸ ਪ੍ਰੋਗਰਾਮ ਵਿੱਚ ਵੀ ਉਹੋ ਕੁਝ ਹੀ।

ਇਸਦਾ ਕਾਰਨ ਸ਼ਾਇਦ ਇਹ ਹੈ ਕਿ ਰਣਜੀਤ ਕੌਰ ਅਤੇ ਸਦੀਕ ਜਿਹੀਆਂ ਹੋਰ ਵੀ ਕਈ ਪਾਰਟੀਆਂ ਜੋ ਲੁੱਚੇ ਗੀਤ ਗਾਉਂਦੀਆਂ ਹਨ। ਉਹਨਾਂ ਨੂੰ ਸੁਨਣ ਲਈ ਮੁੱਖ ਤੌਰ ਤੇ ਆਦਮੀ ਹੀ ਜਾਂਦੇ ਹਨ। ਸ਼ਰਾਬ ਪੀ ਕੇ। ਕਿਉਂਕਿ ਉਹਨਾਂ ਨੂੰ ਪਤਾ ਹੁੰਦਾ ਹੈ ਕਿ ਅਜਿਹੇ ਪ੍ਰੋਗਰਾਮ ਵਿੱਚ ਕੁਝ ਵੀ ਚੰਗਾ ਨਹੀਂ ਹੋਣਾ ਤੇ ਜਦ ਸਟੇਜ ਉਪਰੋਂ ਗੰਦੇ ਗੀਤ, ਅਸ਼ਲੀਲ, ਨੰਗੇ ਲਤੀਫੇ ਸੁਣਾਏ ਜਾਂਦੇ ਹਨ ਤਾਂ ਉਸ ਦੇ ਪ੍ਰਤੀਕਰਮ ਵਿੱਚ ਇਹ ਲੜਾਈਆਂ ਅਤੇ ਰੌਲਾ ਰੱਪਾ ਪੈਂਦਾ ਹੈ।

ਇਥੋਂ ਦੇ ਲੋਕਾਂ ਨੇ ਟੈਲੀਵਿਜ਼ਨ ਰਾਹੀਂ ਅਤੇ ਉਂਝ ਵੀ ਗੀਤ ਸੰਗੀਤਾਂ ਦੇ ਪ੍ਰੋਗਰਾਮਾਂ ਵਿੱਚ ਬਾਹਰਲੇ ਕਲਾਕਾਰਾਂ ਨੂੰ ਨਵੇਂ ਇਜ਼ਾਦ ਹੋਏ ਚੰਗੇ ਸਾਜ਼ਾਂ ਨਾਲ ਵੇਖਿਆ ਹੁੰਦਾ ਹੈ। ਉਹ ਪੰਜਾਬ ਤੋਂ ਆਉਣ ਵਾਲੇ ਕਲਾਕਾਰਾਂ ਪਾਸੋਂ ਵੀ ਅਜਿਹੀ ਹੀ ਉਮੀਦ ਰਖਦੇ ਹਨ। ਪਰ ਹੁੰਦਾ ਇਹ ਹੈ ਕਿ ਪੰਜਾਬ ਤੋਂ ਆਉਣ ਵਾਲੇ ਕਲਾਕਾਰ ਜੋ ਸੰਗੀਤ ਦੇ ਸਾਜ਼ ਆਪਣੇ ਨਾਲ ਲਿਆਉਂਦੇ ਹਨ ਉਹਨਾਂ ਨੂੰ ਵੀ ਚੰਗੀ ਤਰ੍ਹਾਂ ਨਹੀਂ ਵਜਾਉਂਦੇ। ਉਹਨਾਂ ਦਾ ਜ਼ੋਰ ਤਾਂ ਅਸ਼ਲੀਲ, ਨੰਗੇਜ਼ ਭਰੇ ਸ਼ਬਦਾਂ ਉਪਰ ਹੀ ਲੱਗਾ ਹੁੰਦਾ ਹੈ।

ਸੁਚੱਜਾ ਕਲਾਕਾਰ ਤਾਂ ਆਪਣੀ ਆਵਾਜ਼ ਨਾਲ ਸਿਰਫ ਸੰਗੀਤ ਨਾਲ ਹੀ ਲੋਕਾਂ ਨੂੰ ਝੂਮਣ ਲਾ ਦਿੰਦਾ ਹੈ।

ਇਸ ਪ੍ਰੋਗਰਾਮ ਵਿੱਚ ਸਦੀਕ ਨੇ ਦੋ ਕੁ ਵਾਰ ਤੂੰਬੀ ਦੀ ਤਾਰ ਨੂੰ ਛੇੜ ਕੇ, ਨਿਆਣੇ ਦੇ ਤੁਣ- ਤੁਣ ਕਰਉਣ ਵਾਂਗ, ਉਸਨੂੰ ਵਜਾਇਆ ਅਤੇ ਬਾਕੀ ਦੇ ਪ੍ਰੋਗਰਾਮ ਵਿੱਚ ਤੂੰਬੀ ਨੂੰ ਇੱਕ ਫਾਲਤੂ ਚੀਜ਼ ਵਾਂਗ ਆਪਣੇ ਨਾਲ ਚੁੱਕੀ ਫਿਰਦਾ ਰਿਹਾ। ਕੀ ਲੋਕ ਤੂੰਬੀ ਦੀ ਲੈਅ 'ਤੇ ਨਹੀਂ ਝੂਮ ਸਕਦੇ।

ਇਸ ਪ੍ਰੋਗਰਾਮ ਦਾ ਇਕੋ ਆਕਰਸ਼ਕ ਪੱਖੋਂ ਸਫਲ ਹੋਣ ਦਾ ਕਾਰਣ ਮੇਹਰ ਮਿੱਤਲ ਸੀ। ਲੋਕ ਉਸ ਨੂੰ ਹੀ ਜ਼ਿਆਦਾਤਰ ਵੇਖਣ ਗਏ ਸਨ। ਉਸਨੇ ਦੋ ਅਰਥਾਂ ਵਾਲੇ ਪੰਜਾਬੀ ਫਿਲਮਾਂ ਦੇ ਲੱਚਰ ਡਾਇਲਾਗ ਸੁਣਾਏ। ਕੀ ਉਹ ਇੱਕ ਅੱਧਾ ਕੋਈ ਚੰਗੀ ਕਲਾ ਦਾ ਨਮੂਨਾ ਨਹੀਂ ਸੀ ਪੇਸ਼ ਕਰ ਸਕਦਾ ਜਿਸਨੂੰ ਲੋਕ ਯਾਦ ਰਖਦੇ ਅਤੇ ਪਿਆਰ ਨਾਲ ਉਸਨੂੰ ਵੇਖਦੇ- ਸੁਣਦੇ। ਉਸਦੇ ਲੱਚਰ, ਗੰਦੇ ਲਤੀਫੇ, ਸੁਨਣ ਨਾਲੋਂ ਦਰਸ਼ਕਾਂ ਨੂੰ ਥੀਏਟਰ ਦੇ ਹਾਲ ਵਿੱਚ ਹੋਈ ਲੜਾਈ ਜ਼ਿਆਦਾ ਦਿਲਚਸਪ ਲੱਗੀ। ਇਸ ਕਰਕੇ ਉਹ ਮੇਹਰ ਮਿੱਤਲ ਵੱਲ ਨੂੰ ਪਿੱਠ ਕਰਕੇ ਖੜ ਗਏ ਸਨ।

ਬਾਹਰ ਆਉਣ ਵਾਲੇ ਕਲਾਕਾਰ ਜਿੰਨੀ ਦੇਰ ਤੱਕ ਆਪਣੇ ਪ੍ਰੋਗਰਾਮ ਦੀ ਪੂਰੀ ਤਿਆਰੀ ਨਾ ਕਰਕੇ ਅਤੇ ਚੰਗੀ ਲੋਕ-ਹਿੱਤੀ ਕਲਾ ਪੇਸ਼ ਕਰਨ ਤੋਂ ਅਸਮਰੱਥ ਰਹਿਣਗੇ ਉਨ੍ਹਾਂ ਚਿਰ ਤੱਕ ਇਹਨਾਂ ਪ੍ਰੋਗਰਾਮਾਂ ਵਿੱਚ ਰੌਲਾ- ਗੌਲਾ ਪੈਂਦਾ ਹੀ ਰਹੇਗਾ। ਅਮਰਜੀਤ ਚਾਹਲ

o o o o

# ਹੈਦਰਾਬਾਦ ਦੀਆਂ ਕੁੜੀਆਂ ਦੀ ਲੁੱਟ ਖਸੁੱਟ

ਅਰਬ ਦੇ ਅਮੀਰ ਸੈਲਾਨੀਆਂ ਵਲੋਂ ਨਾਬਾਲਗ ਕੁੜੀਆਂ ਦੀ ਜਿਸਮਾਨੀ ਤੌਰ 'ਤੇ ਲੁੱਟ ਖਸੁੱਟ ਕਰਨ ਲਈ ਬਣਾਈ ਗਈ ਇਕ ਵਿਆਹ ਦੀ ਸਕੀਮ ਸਾਹਮਣੇ ਆਈ ਹੈ। ਕਾਜ਼ੀ ਇਹ ਵਿਆਹ ਹਜ਼ਾਰ ਜਾਂ ਹਜ਼ਾਰ ਤੋਂ ਵੱਧ ਰੁਪਏ ਫੀਸ ਲੈ ਕੇ ਉਨ੍ਹੇ ਸਮੇਂ ਲਈ ਕੀਤਾ ਜਾਂਦਾ ਹੈ ਜਿੰਨਾ ਚਿਰ ਅਰਬੀ ਖਾਵੰਦਾਂ ਨੇ ਭਾਰਤ ਵਿਚ ਰਹਿਣਾ ਹੋਵੇ।

ਚੌਦਾਂ ਸਾਲ ਦੀ ਉਮਰ ਤੋਂ ਘੱਟ ਦੀਆਂ ਲੜਕੀਆਂ ਨੂੰ ਉਹਨਾਂ ਦੇ ਗਰੀਬ ਮਾਪੇ ਦਲਾਲਾਂ ਦੇ ਘਰੀਂ ਲੈ ਜਾਂਦੇ ਹਨ ਜਿਥੇ ਉਹਨਾਂ ਨੂੰ ਸੈਲਾਨੀਆਂ ਸਾਹਮਣੇ ਕਤਾਰਾਂ ਬੰਨ੍ਹ ਕੇ ਖੜ੍ਹਾ ਕਰ ਦਿੱਤਾ ਜਾਂਦਾ ਹੈ। ਅਰਬੀ ਸੈਲਾਨੀ ਆਪਣੀ ਪਸੰਦ ਦੀ ਕੁੜੀ ਉਪਰ ਉਂਗਲੀ ਰੱਖ ਦਿੰਦੇ ਹਨ। ਇਸ ਤੋਂ ਬਾਅਦ ਵਿਆਹ ਦੀ ਰਸਮ ਕੀਤੀ ਜਾਂਦੀ ਹੈ ਅਤੇ ਘਰਦਿਆਂ ਨੂੰ ਪੈਸੇ ਤਾਰ ਦਿੱਤੇ ਜਾਂਦੇ ਹਨ। ਨਾਬਾਲਗ ਵਿਆਹੁਤਾ ਕੁੜੀਆਂ ਆਪਣੇ ਖਾਵੰਦਾਂ ਨਾਲ ਹੋਟਲ ਵਿਚ ਰਹਿਣਾ ਸ਼ੁਰੂ ਕਰ ਦਿੰਦੀਆਂ ਹਨ। ਵਿਆਹ ਸਮੇਂ ਹੀ ਤਲਾਕ ਦੇ ਪੇਪਰ ਵੀ ਤਿਆਰ ਕਰ ਲਏ ਜਾਂਦੇ ਹਨ ਅਤੇ ਜਦੋਂ ਅਰਬੀ ਖਾਵੰਦ ਨੇ ਵਾਪਿਸ ਆਪਣੇ ਦੇਸ਼ ਪਰਤਣਾ ਹੋਵੇ ਕੁੜੀ ਨੂੰ ਤਲਾਕ ਦੇ ਪੇਪਰ ਦੇ ਦਿੱਤੇ ਜਾਂਦੇ ਹਨ।

ਇਹ ਕੁੜੀਆਂ ਜ਼ਿਆਦਾਤਰ ਹੈਦਰਾਬਾਦ ਸ਼ਹਿਰ ਜਾਂ ਇਸ ਦੇ ਆਸ ਪਾਸ ਦੇ ਜ਼ਿਲ੍ਹਿਆਂ, ਮਹਿਬੂਬਨਗਰ ਤੇ ਰੰਗਾਰੈਡੀ ਵਿੱਚੋਂ ਆਉਂਦੀਆਂ ਹਨ।

ਕੁੜੀਆਂ ਫਸਾਉਣ ਵਾਲੇ ਪੁਰਾਣੇ ਗਰੋਹ ਨੇ ਸਿਰਫ ਆਪਣੇ ਧੰਦੇ ਨੂੰ ਚਲਦਾ ਰੱਖਣ ਲਈ ਇਹ ਨਵਾਂ ਤਰੀਕਾ ਲੱਭਿਆ ਹੈ। ਇਨ੍ਹਾਂ ਦਲਾਲਾਂ ਨੇ ਖ਼ਾਸ ਅਰਬੀਆਂ ਲਈ ਹੈਦਰਾਬਾਦ ਇਕ ਖਾਸ ਅੱਡਾ ਬਣਾ ਰੱਖਿਆ ਹੈ। ਇਕੱਲਾ ਹੈਦਰਾਬਾਦ ਹੀ ਨਹੀਂ ਬੰਬਈ ਵਿਚ ਵੀ ਕੁੜੀਆਂ ਨੂੰ ਅਰਬੀਆਂ ਨਾਲ ਵਿਆਹੁਣ ਦਾ ਚੱਕਰ ਚਲਦਾ ਹੈ।

ਕੁੱਝ ਦੇਰ ਪਹਿਲਾਂ ਪੁਲੀਸ ਨੇ ਬੰਬਈ ਦੇ ਇਕ ਸ਼ਖਸ ਹੁਸੈਨ ਅਬਦੁਲ ਸਾਕਿਰ ਅਤੇ ਉਹਦੀਆਂ ਸਾਥਣਾਂ ਬੇਗਮ ਸਈਦ ਔਸ ਅਤੇ ਸ਼ਰੀਫਾ ਬੀ ਨੂੰ ਇਸ ਮਾਮਲੇ ਵਿਚ ਗ੍ਰਿਫਤਾਰ ਕੀਤਾ। ਨੌਂ ਕੁੜੀਆਂ ਅਤੇ ਛੇ ਔਰਤਾਂ ਨੂੰ ਇਹਨਾਂ ਦੇ ਸ਼ਿਕੰਜੇ ਵਿੱਚੋਂ ਛੁਡਵਾਇਆ।

ਇਸੇ ਚੱਕਰ ਵਿਚ ਇਕ ਅਰਬੀ ਨਾਗਰਿਕ ਹਮੀਦਾਨ ਨੂੰ ਫੜਿਆ ਗਿਆ ਜਿਹਨੇ ਥੋੜ੍ਹੇ ਦਿਨਾਂ ਵਿਚ ਪੰਜ ਕੁੜੀਆਂ ਨਾਲ ਵਿਆਹ ਕੀਤੇ ਅਤੇ ਜਿਹਨਾਂ ਦੀ ਉਮਰ ਗਿਆਰਾਂ ਸਾਲਾਂ ਤੋਂ ਲੈ ਕੇ ਪੰਦਰਾਂ ਸਾਲਾਂ ਤੱਕ ਸੀ।

ਉਪਰੋਕਤ ਖਬਰ ਇਸ ਗੱਲ ਦੀ ਗਵਾਹੀ ਹੈ ਕਿ ਅਜ਼ਾਦੀ ਦੇ ਇੰਨੇ ਵਰ੍ਹੇ ਬਾਅਦ ਵੀ ਬਦੇਸ਼ੀ ਅਮੀਰ ਤੇ ਦੇਸੀ ਦਲਾਲ ਮਿਲ ਕੇ ਭਾਰਤ ਦੀ ਹਰ ਪੱਖ ਤੋਂ ਲੁੱਟ ਖਸੁੱਟ ਕਰ ਰਹੇ ਹਨ ਅਤੇ ਉਹਨਾਂ ਨੂੰ ਰੋਕਣ ਵਾਲਾ ਕੋਈ ਨਹੀਂ। ਪੁਲੀਸ ਜਿਹੜੀ ਕਿ ਖੁਦ ਇਹਨਾਂ ਕੰਮਾਂ ਵਿਚ ਪੂਰੀ ਤਰ੍ਹਾਂ ਭਾਈਵਾਲ ਹੁੰਦੀ ਹੈ, ਕਦੀ ਕਦੀ ਲੋਕਾਂ ਦਾ ਮੂੰਹ ਬੰਦ ਕਰਨ ਲਈ ਇੱਕਾ ਦੁੱਕਾ ਗ੍ਰਿਫਤਾਰੀਆਂ ਕਰ ਲੈਂਦੀ ਹੈ ਪਰ ਇਹੋ ਜਿਹੀਆਂ ਬਿਮਾਰੀਆਂ ਨੂੰ ਜੜ੍ਹੋਂ ਉਖਾੜਨ ਦੀ ਨਾ ਉਹਨਾਂ ਦੀ ਕੋਈ ਨੀਤ ਹੁੰਦੀ ਹੈ ਤੇ ਨਾ ਹੀ ਉਹ ਅਜਿਹਾ ਕਰਦੇ ਹਨ। ਨਤੀਜੇ ਵਜੋਂ ਭਾਰਤ ਦੀ ਗਰੀਬ ਜੰਤਾ ਦਾ ਹਰ ਤਰ੍ਹਾਂ ਖੂਨ ਚੂਸਿਆ ਜਾ ਰਿਹਾ ਹੈ। ਸਾਧੂ

o o o o

# ਆਕਰੋਸ਼: ਇੱਕ ਸ਼ਾਨਦਾਰ ਫਿਲਮ

'ਆਕਰੋਸ਼' ਇੱਕ ਆਦਿਵਾਸੀ ਦੀ ਕਹਾਣੀ ਹੈ। ਜਿਸਦੀ ਪਤਨੀ ਨੂੰ ਜੰਗਲ ਦਾ ਠੇਕੇਦਾਰ (ਪੈਸੇ ਵਾਲਾ) ਇੱਕ ਥਾਣੇਦਾਰ (ਕਨੂੰਨ ਦਾ ਰਾਖਾ) ਸਰਕਾਰੀ ਡਾਕਟਰ (ਕਨੂੰਨ ਦਾ ਸਹਿਯੋਗੀ) ਰੇਪ ਕਰਦੇ ਹਨ ਅਤੇ ਉਸਦਾ ਖੂਨ ਕਰਦੇ ਹਨ। ਇਸ ਕਤਲ ਦਾ ਇਲਜ਼ਾਮ ਆਦਿਵਾਸੀ ਉਪਰ ਲਗਾਉਂਦੇ ਹਨ। ਉਸ ਉਪਰ ਅਦਾਲਤ ਵਿੱਚ ਮੁਕੱਦਮਾ ਚਲਦਾ ਹੈ। ਸਰਕਾਰ ਵਲੋਂ ਨਿਯੁਕਤ ਕੀਤਾ ਗਿਆ ਸਫਾਈ ਦਾ ਵਕੀਲ ਜਦੋਂ ਉਸ ਕੋਲੋਂ ਇਸ ਘਟਨਾਂ ਬਾਰੇ ਪੁੱਛਦਾ ਹੈ ਤਾਂ ਉਹ ਕੋਈ ਜਵਾਬ ਨਹੀਂ ਦਿੰਦਾ। ਨੌਜਵਾਨ ਸਰਕਾਰੀ ਵਕੀਲ ਕੋਲ ਇਸ ਕਤਲ ਦੀ ਅਸਲੀਅਤ ਆਪ ਲੱਭਣ ਤੋਂ ਬਿਨਾਂ ਕੋਈ ਚਾਰਾ ਨਹੀਂ। ਜਦੋਂ ਵਕੀਲ ਇਸ ਕਤਲ ਦਾ ਭੇਦ ਲੱਭਣ ਲਈ ਪੂਰੀ ਕੋਸ਼ਿਸ਼ ਕਰ ਰਿਹਾ ਹੁੰਦਾ ਹੈ ਤਾਂ ਉਸਨੂੰ ਰੋਕਣ ਲਈ ਹਰ ਤਰ੍ਹਾਂ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਆਦਿਵਾਸੀਆਂ ਦੇ ਇਲਾਕੇ 'ਚ ਕੰਮ ਕਰ ਰਿਹਾ ਇੱਕ ਨਕਸਲਾਈਟ ਪਾਤਰ ਉਸਨੂੰ ਇਸ ਕਤਲ ਦੀ ਅਸਲੀਅਤ ਦੱਸਦਾ ਹੈ। ਮੁਕੱਦਮੇ ਦੌਰਾਨ ਆਦਿਵਾਸੀ ਦੇ ਬਾਪ ਦੀ ਮੌਤ ਹੋ ਜਾਂਦੀ ਹੈ। ਆਪਣੇ ਬਾਪ ਦੀ ਚਿਤਾ ਨੂੰ ਅੱਗ ਲਾਉਣ ਗਿਆ ਆਦਿਵਾਸੀ ਜਦੋਂ ਆਪਣੀ ਜਵਾਨ ਭੈਣ ਨੂੰ ਵੇਖਦਾ ਹੈ ਤਾਂ ਉਸਨੂੰ ਉਸਦਾ ਭਵਿੱਖ ਵੀ ਆਪਣੀ ਪਤਨੀ ਜਿਹਾ ਲੱਗਦਾ ਹੈ ਤਾਂ ਉਹ ਪੁਲੀਸ ਦੀ ਹਿਰਾਸਤ ਤੋਂ ਛੁੱਟ ਆਪਣੀ ਭੈਣ ਦਾ ਕਤਲ ਕਰ ਦਿੰਦਾ ਹੈ ਅਤੇ ਫਿਲਮ ਦਾ ਅੰਤ ਹੁੰਦਾ ਹੈ।

ਫਿਲਮ ਵਿੱਚ ਇਹ ਕਹਾਣੀ ਬੜੀ ਖੂਬਸੂਰਤੀ ਨਾਲ ਨਿਭਾਈ ਗਈ ਹੈ। ਆਮ ਹਿੰਦੀ ਫਿਲਮ ਦੇ ਉਲਟ ਇਸ ਵਿਚ ਕੁੱਝ ਵੀ ਵਾਧੂ ਨਹੀਂ। ਕਹਾਣੀ ਸਿੱਧੀ ਤੁਰਦੀ ਹੈ ਅਤੇ ਆਪਣੇ ਨਿਸ਼ਾਨੇ ਤੇ ਸੱਟ ਮਾਰਦੀ ਹੈ। ਫਿਲਮ ਵਿੱਚ ਓਮ ਪੁਰੀ, ਨਸੀਰੁਦੀਨ ਸ਼ਾਹ, ਅਮਰੀਸ਼ ਪੁਰੀ, ਸਮਿਤਾ ਪਾਟਿਲ ਆਦਿ ਨੇ ਆਪਣੇ ਰੋਲ ਖੂਬਸੂਰਤੀ ਨਾਲ ਨਿਭਾਏ ਹਨ। ਗੋਵਿੰਦ ਨਿਹਲਾਨੀ ਨੇ ਫਿਲਮ ਦਾ ਨਿਰਦੇਸ਼ਨ ਸਫਲਤਾ ਨਾਲ ਕੀਤਾ ਹੈ। ਫਿਲਮ ਵਿੱਚ ਇਹ ਬੜੇ ਸਪਸ਼ਟ ਢੰਗ ਨਾਲ ਦਰਸਾਇਆ ਹੈ ਕਿ ਭਾਰਤੀ ਨਿਆਂ ਪ੍ਰਬੰਧ ਕਿੰਨਾ ਸੀਮਤ ਅਤੇ ਅਫਸਰਮੁੱਖੀ ਹੈ। ਇਸ ਸਾਹਮਣੇ ਮਨੁੱਖ ਦੀ ਕੋਈ ਕੀਮਤ ਨਹੀਂ, ਸਿਰਫ ਤੱਥਾਂ ਦੀ ਹੀ ਕੀਮਤ ਹੈ। ਤੱਥ ਖ਼ਰੀਦੇ ਜਾ ਸਕਦੇ ਹਨ ਅਤੇ ਖਰੀਦੇ ਜਾਂਦੇ ਹਨ। ਇਸ ਤਰ੍ਹਾਂ ਕਿਸੇ ਵੀ ਬੇ-ਗੁਨਾਹ ਮਨੁੱਖ ਨੂੰ ਸ਼ਿਕੰਜੇ 'ਚ ਫਸਾਇਆ ਜਾ ਸਕਦਾ ਹੈ। ਫਿਲਮ ਦਾ ਮੁੱਖ ਪਾਤਰ ਸਾਰੀ ਫਿਲਮ 'ਚ ਨਹੀਂ ਬੋਲਦਾ। ਉਹ ਸਫਾਈ ਦੇ ਵਕੀਲ ਨੂੰ ਕੁਝ ਨਹੀਂ ਦੱਸਦਾ। ਇਹ ਸਪਸ਼ਟ ਕਰਦਾ ਹੈ ਕਿ ਉਸਦਾ ਯਕੀਨ ਇਸ ਢਾਂਚੇ ਤੋਂ ਉਠ ਚੁੱਕਾ ਹੈ ਅਤੇ ਇਸ ਬੇਯਕੀਨੀ ਨੂੰ ਰੋਹੀਲੀ ਜੰਗ 'ਚ ਬਦਲਨ ਦੀ ਲੋੜ ਹੈ।

ਫਿਲਮ ਵਿੱਚ ਸਰਕਾਰੀ ਵਕੀਲ ਸਫਾਈ ਦੇ ਵਕੀਲ ਨੂੰ ਕਹਿੰਦਾ ਹੈ," ਹਰ ਵਜਾਹ ਕੀ ਏਕ ਵਜਾਹ ਹੋਤੀ ਹੈ ਔਰ ਵਜਾਹ ਕੀ ਵਜਾਹ ਕੀ ਭੀ ਕੋਈ ਵਜਾਹ ਹੋਤੀ ਹੈ। ਔਰ ਅਗਰ ਤੁਮ ਹਰ ਚੀਜ਼

ਕੀ ਦਸਾਂ ਜੋਕਰ ਲੈਂਸ ਪਲਟੇ ਤੋ ਤੁਮਹੇਂ ਸਾਰਾ ਸਿਸਟਮ ਹੀ ਗਲਾ ਸੜਾ ਨਜ਼ਰ ਆਏਗਾ। ਫਿਰ ਕਿਆ ਤੁਮ ਕ੍ਰਾਂਤੀ ਲਾਨੇ ਚਲ ਪੜੋਗੇ ਯਾਂ ਬਗਾਵਤ ਕਰੋਗੇ" ਇਹ ਸਾਫ ਸੰਕੇਤ ਕਰਦਾ ਹੈ ਕੇ ਤੁਸੀਂ ਜੋਕਰ ਲੈਂਸ ਪਾਵੋਂ ਤਾਂ ਤੁਹਾਨੂੰ ਸਿਰਫ ਇੱਕ ਹੀ ਹੱਲ ਦਿਖਾਈ ਦੇਵੇਗਾ – ਕ੍ਰਾਂਤੀ। ਜੇ ਇਸ ਸਿਸਟਮ ਵਿੱਚ ਕੋਈ ਕ੍ਰਾਂਤੀ ਲਿਆਉਣ ਬਾਰੇ ਸੋਚਦਾ ਹੈ ਤਾਂ ਸਟੇਟ ਉਸ ਨਾਲ ਸਖਤੀ ਨਾਲ ਪੇਸ਼ ਆਉਂਦੀ ਹੈ। ਉਸਨੂੰ ਖਤਮ ਕਰਨਾ ਚਾਹੁੰਦੀ ਹੈ ਪਰ ਉਹ ਖਤਮ ਨਹੀਂ ਕਰ ਸਕਦੀ।

ਫਿਲਮਾਂ ਲੋਕਾਂ ਤੱਕ ਗੱਲ ਪਹੁੰਚਾਉਣ ਦਾ ਇੱਕ ਜ਼ਬਰਦਸਤ ਸਾਧਨ ਹਨ। ਪਰ ਆਮ ਹਿੰਦੀ ਫਿਲਮਾਂ ਰਾਹੀਂ ਜਿਹੜੀ ਗੱਲ ਲੋਕਾਂ ਤੱਕ ਪਹੁੰਚਾਈ ਜਾਂਦੀ ਹੈ ਉਹ ਉਹਨਾਂ ਨੂੰ ਭੰਬਲ-ਭੂਸਿਆਂ ਵਿੱਚ ਹੀ ਪਾਉਂਦੀ ਹੈ ਜ਼ਿੰਦਗੀ ਬਾਰੇ ਕੋਈ ਸੇਧ ਨਹੀਂ ਦਿੰਦੀ ਪਰ ਇਸ ਫਿਲਮ ਵਿੱਚ ਲੋਕਾਂ ਨੂੰ ਉਹਨਾਂ ਦੀ ਜ਼ਿੰਦਗੀ ਬਾਰੇ ਦੱਸਿਆ, ਉਹਨਾਂ ਉਪਰ ਠੋਸੇ ਗਏ ਜ਼ੁਲਮ ਬਾਰੇ ਦੱਸਿਆ ਹੈ ਇਸ ਲਈ ਹਰ ਉਸ ਮਨੁੱਖ ਨੂੰ ਜਿਹੜਾ ਇਸ ਢਾਂਚੇ ਵਲੋਂ ਉਸ ਉਪਰ ਠੋਸੀਆਂ ਗਈਆਂ ਹਾਲਤਾਂ ਨੂੰ ਉਸੇ ਤਰ੍ਹਾਂ ਸਵੀਕਾਰ ਨਹੀਂ ਕਰਨਾ ਚਾਹੁੰਦਾ ਅਤੇ ਉਹਨਾਂ ਦੇ ਕਾਰਨ ਨੂੰ ਜਾਨਣਾ ਚਾਹੁੰਦਾ ਹੈ ਉਸਨੂੰ ਇਹ ਫਿਲਮ ਜ਼ਰੂਰ ਵੇਖਣੀ ਚਾਹੀਦੀ ਹੈ।

ਸੁਖਵੰਤ ਹੁੰਦਲ

o o o

# ਬਰਤਾਨਵੀ ਜਮਹੂਰੀਅਤ ਦਾ ਫਾਸ਼ੀ ਚਿਹਰਾ

ਅੰਮ੍ਰਿਤ ਵਿਲਸਨ

ਬਰਤਾਨਵੀ ਹਕੂਮਤ ਨੇ ਕਾਲੇ ਲੋਕਾਂ ਖਿਲਾਫ਼ ਨਵਾਂ ਜਿਹਾਦ ਛੇੜ ਦਿਤਾ ਹੈ । ਕਾਲੇ ਸਿਆਸੀ ਕਾਰਕੁਨਾਂ ਨੂੰ ਚੁੱਪ ਕਰਾਉਣ ਲਈ ਉਨ੍ਹਾਂ ਤੇ ਸਾਜ਼ਸ਼ਾਂ ਦੇ ਕੇਸ ਘੜਾ ਕੇ ਉਨ੍ਹਾਂ ਨੂੰ ਜੇਲ੍ਹੀਂ ਡੱਕਿਆ ਜਾ ਰਿਹਾ ਹੈ। ਬਰੈਡਫੋਰਡ ਵਿਚ 'ਯੂਨਾਈਟਡ ਬਲੈਕ ਯੂਥ ਲੀਗ' ਨਾਲ ਸੰਬੰਧਤ 12 ਨੌਜਵਾਨ ਏਸ਼ਿਆਈਆਂ ਨੂੰ ਜਾਇਦਾਦ ਨੂੰ ਨੁਕਸਾਨ ਪੁਚਾਉਣ ਤੇ ਗੰਭੀਰ ਸਰੀਰਕ ਸੱਟਾਂ ਮਾਰਨ ਦੀ ਸਾਜ਼ਸ਼ ਦੇ ਇਲਜ਼ਾਮ ਲਾ ਕੇ ਮੁਕੱਦਮੇ ਵਿਚ ਫਸਾਇਆ ਗਿਆ ਹੈ। ਇਸ ਮੁਕੱਦਮੇ ਵਿਚ ਉਮਰ ਕੈਦ ਦੀ ਸਜ਼ਾ ਹੋ ਸਕਦੀ ਹੈ । 30 ਜੁਲਾਈ ਤੋਂ, ਜਦੋਂ ਤੋਂ ਉਹ ਗ੍ਰਿਫਤਾਰ ਕੀਤੇ ਗਏ ਹਨ. ਉਨ੍ਹਾਂ ਦੀ ਜ਼ਮਾਨਤ ਨਹੀਂ ਕੀਤੀ ਗਈ, ਸਿਵਾ ਦੋ ਬੰਦਿਆ ਦੇ। ਉਹਨਾਂ ਇਹ ਇਲਜ਼ਾਮ ਮਨਜ਼ੂਰ ਨਹੀਂ ਕੀਤੇ ਹਨ ।

ਬਰੈਡਫੋਰਡ ਵਿਚ ਇਹ ਨੰਗਾ ਚਿੱਟਾ ਸਿਆਸੀ ਧੱਕਾ ਉਦੋਂ ਹੋ ਰਿਹਾ ਹੈ, ਜਦੋਂ ਲਿਵਰਪੂਲ, ਮਾਨ-ਚੈਸਟਰ ਅਤੇ ਬਰਿਨਸਟਨ ਵਿਚ ਵੀ ਕਾਲੇ ਲੋਕਾਂ ਦੇ ਸਮੂਹ ਤੇ ਨੀਮ-ਫੌਜੀ ਜ਼ੁਲਮ ਹੋ ਰਿਹਾ ਹੈ। ਅਜਿਹਾ ਮਾਹੌਲ ਬਣਾਇਆ ਗਿਆ ਹੈ, ਜਿਸ ਵਿਚ ਕਾਲੇ ਲੋਕਾਂ ਖਿਲਾਫ ਸਾਜ਼ਸ਼ਾਂ ਦੇ ਅਜਿਹੇ ਕੇਸ ਘੜੇ ਜਾ ਸਕਦੇ ਹਨ, ਅਜਿਹੇ ਕੇਸ, ਜਿਨ੍ਹਾਂ ਨੂੰ ਸਾਬਤ ਕਰਣ ਲਈ ਪੁਲਸ ਨੂੰ ਸਹੂਲਤਾਂ ਹਨ ਤੇ ਬਚਾਅ ਪੱਖ ਦੀ ਸਿਆਸਤ ਵੀ ਉਹਨਾਂ ਖਿਲਾਫ ਸਬੂਤ ਦੇ ਤੌਰ ਤੇ ਵਰਤਿਆ ਜਾਂਦਾ ਹੈ। ਹਕੂਮਤ ਦੀ ਨਿਗਾਹ ਵਿਚ ਬਰੈਡਰੋਰਡ ਦੇ 12' ਦਾ ਅਸਲ ਗੁਨਾਹ ਇਹ ਹੈ ਕਿ ਪਹਿਲਾਂ ਤਾਂ ਉਨ੍ਹਾਂ ਪੁਲਸ ਦੇ ਨਸਲਵਾਦੀ ਵਤੀਰੇ ਨੂੰ ਸਫਲਤਾ ਨਾਲ ਨੰਗਾ ਕੀਤਾ ਅਤੇ ਦੂਜਾ ਅਵਾਮੀ ਕਾਨੂੰਨਾਂ ਦੇ ਨਸਲ-ਵਾਦ ਖਿਲਾਫ਼ ਸੰਘਰਸ਼ ਕਰਨਾ । ਉਨ੍ਹਾਂ ਜਸਵਿੰਦਰ ਕੌਰ ਦੇ ਹੱਕ ਵਿਚ ਪ੍ਰਚਾਰ ਕੀਤਾ, ਜਿਸ ਦੇ ਸਿਰ ਤੇ ਵਾਪਸ ਭੇਜੇ ਜਾਣ ਦੀ ਤਲਵਾਰ ਲਟਕ ਰਹੀ ਸੀ ਕਿਉਂਕਿ ਉਸਦੀ ਸ਼ਾਦੀ ਟੁੱਟ ਗਈ ਸੀ ਅਤੇ ਅਨਵਰ ਦਿੱਤਾ ਲਈ ਵੀ, ਜਿਸ ਨੇ ਗ੍ਰਹਿ ਦਫ਼ਤਰ ਖਿਲਾਫ ਏਸ ਸਾਲ ਦੇ ਸ਼ੁਰੂ ਵਿਚ ਆਪਣੀ ਪੰਜ ਸਾਲਾਂ ਦੀ ਲੜਾਈ ਜਿੱਤੀ ਸੀ, ਜਿਸ ਨਾਲ ਉਸਨੂੰ ਆਪਣੇ ਪੰਜ ਬੱਚਿਆਂ ਨੂੰ ਆਪਣੇ ਨਾਲ ਇੰਗਲੈਂਡ ਵਿਚ ਰੱਖਣ ਦਾ ਹੱਕ ਮਿਲ ਗਿਆ ਸੀ। ਅਨਵਰ ਦੇ ਸ਼ਬਦਾਂ ਵਿਚ, "ਅਸੀਂ ਸਾਰੇ ਜਾਣਦੇ ਹਾਂ ਕਿ ਕਿਉਂਕਿ ਉਹ ਏਨ੍ਹਾਂ ਪ੍ਰਚਾਰ ਮੁਹਿੰਮਾਂ ਵਿਚ ਸਰਗਰਮ ਸਨ, ਏਸ ਲਈ ਉਨ੍ਹਾਂ ਨੂੰ ਏਨ੍ਹਾਂ ਕੂੜ ਇਲਜ਼ਾਮਾਂ ਵਿਚ ਫਸਾਇਆ ਹੈ। ਪਰ ਇਹ ਚਲ ਨਹੀਂ ਸਕੇਗਾ । ਨਾਲੇ ਲੋਕੀਂ ਇਸ ਨੂੰ ਮੰਨਣ ਨਹੀਂ ਲੱਗੇ।" ਇਸਦੇ ਨਾਲ ਹੀ 'ਬਰੈਡਫੋਰਡ 12' ਵਿਚੋਂ ਕੁੱਝ ਨੇ ਇਕ ਕਾਲੇ ਮਜ਼ਦੂਰ ਗੈਰੀ ਮੈਂਬਰਟਨ ਦੇ ਹੱਕ ਵਿਚ ਪ੍ਰਚਾਰ ਕਰਕੇ ਵੈਸਟ ਯਾਰਕਸ਼ਾਇਰ ਪੁਲਸ ਦੇ ਝੂਠਾਂ ਨੂੰ ਨੰਗਿਆਂ ਕੀਤਾ। ਮੈਂਬਰਟਨ ਨੂੰ ਝੂਠੇ ਕੇਸਾਂ ਵਿਚ ਪੁਲਸ ਨੇ ਸਜ਼ਾ ਕਰਵਾ ਦਿੱਤੀ ਸੀ, ਪਰ ਏਸ ਪ੍ਰਚਾਰ ਕਾਰਣ ਉਸਨੂੰ ਰਿਹਾਈ ਮਿਲੀ।

'ਬਰੈਡਫੋਰਡ 12' ਉਤੇ ਘੋਨਮੋਨਿਆਂ, ਪੁਲਸ ਤੇ ਵੱਡੇ ਸਟੋਰਾਂ ਉੱਤੇ ਪੈਟਰੋਲ ਇਸਤੇਮਾਲ ਕਰਨ ਦੀ ਯੋਜਨਾ ਦਾ ਇਲਜ਼ਾਮ ਲਾਇਆ ਗਿਆ ਹੈ ਵੈਸਟ ਯਾਰਕ ਸ਼ਾਇਰ ਪੁਲਸ ਦਾਵਾ ਕਰਦੀ ਹੈ ਕਿ ਗਰਟਨ ਵਿਚ ਇਕ ਬਰਬਾਦ ਕੀਤੀ ਜਗਾ 'ਤੇ 17 ਜੁਲਾਈ ਨੂੰ ਉਨ੍ਹਾਂ 38 ਦੁੱਧ ਵਾਲੀਆਂ ਬੋਤਲਾਂ ਜਿਨਾਂ ਵਿਚ ਪੈਟਰੋਲ ਭਰਿਆ ਸੀ ਕਬਜ਼ੇ 'ਚ ਕੀਤੀਆਂ, 30 ਜੁਲਾਈ ਦੀ ਸਵੇਰ ਦੇ ਛਾਪਿਆਂ ਵਿਚ ਬਰਾਅ ਮੱਧ ਵਿਚੋਂ ਦੋ ਬੰਦਿਆਂ ਤਰਲੋਚਨ ਗਾਤੌ-ਔਰਾ ਅਤੇ ਤਾਰਿਕ ਮੁਹੰਮਦ ਅਲੀ ਨੂੰ ਗ੍ਰਿਫਤਾਰ ਕੀਤਾ ਗਿਆ । ਉਨ੍ਹਾਂ ਦੇ ਘਰਾਂ ਦੀ ਤਲਾਸ਼ੀ ਲਈ ਗਈ ਅੱਤੇ 'ਯੂਨਾਈਟਡ ਬਲੈਕ ਲੀਗ ਯੂਥ' ਦੇ ਕਾਰਵਾਈ ਰਜਿਸਟਰ ਸਮੇਤ ਦੂਜੇ ਦਸਤਾਵੇਜ਼ ਪੁਲਸ ਲੈ ਗਈ। ਅਗਲੇ 24 ਘੰਟਿਆਂ ਵਿਚ ਦੂਜਿਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ । ਅਗਲੇ ਦੋ ਦਿਨਾਂ ਤੱਕ ਉਨ੍ਹਾਂ ਨੂੰ ਆਪਣੇ ਵਕੀਲਾਂ ਨੂੰ ਮਿਲਣ ਨਹੀਂ ਦਿਤਾ ਗਿਆ। ਏਸ ਦੌਰਾਨ ਉਨ੍ਹਾਂ ਦੀ ਲਗਾਤਾਰ 'ਪੁੱਛ ਗਿੱਛ"

ਕੀਤੀ ਗਈ ਅਤੇ ਪੁਲਸ ਦਾ ਦਾਵਾ ਹੈ ਕਿ ਉਨ੍ਹਾਂ 'ਸਵੈ-ਇੱਛਕ ਬਿਆਨ' ਹਾਸਲ ਕੀਤੇ ਹਨ, ਜਿਨ੍ਹਾਂ ਨੂੰ ਉਹ ਮੁਕੱਦਮੇ ਦੌਰਾਨ ਵਰਤਣਗੇ। ਵੈਸਟ ਯਾਰਕਸ਼ਾਰ ਪੁਲਸ ਨੇ ਫਰਜ਼ੀ 'ਸਵੈ-ਇੱਛਕ ਬਿਆਨਾਂ ਹਾਸਲ ਕਰਨ ਦਾ ਰਿਕਾਰਡ ਕਾਇਮ ਕੀਤਾ ਹੋਇਆ ਹੈ। 1978 ਵਿਚ ਇਕ ਕਾਲੇ ਮਜ਼ਦੂਰ ਜਾਰਜ ਲਿੰਡੋ ਨੂੰ 'ਸਵੈ-ਇੱਛਕ ਬਿਆਨ' ਦੇ ਅਧਾਰ ਤੇ ਸਜ਼ਾ ਹੋਈ ਸੀ। ਇਹ ਸਜ਼ਾ ਉਦੋਂ ਰੱਦ ਕੀਤੀ ਗਈ, ਜਦ ਇਹ ਗੱਲ ਸਾਹਮਣੇ ਆਈ ਕਿ ਹਕੀਕਤ ਵਿਚ ਇਹ ਬਿਆਨ ਇਕ ਪੁਲਸ ਅਫਸਰ ਨੇ ਲਿਖਿਆ ਸੀ ਤੇ ਜਾਰਜ ਲਿੰਡੋ ਤੇ ਦਬਾਅ ਅਧੀਨ ਉਸ ਤੇ ਦਸਖਤ ਕੀਤੇ ਸਨ। ਇਸੇ ਸਾਲ ਇਕ ਗੋਰੇ ਆਦਮੀ ਜਾਫਰੀ ਇਲੀਅਟ ਬਾਰੇ ਵੀ ਕਿਹਾ ਗਿਆ ਕਿ ਉਸਨੇ ਬਰੈਡਫੋਰਡ ਪੁਲਸ ਨੂੰ ਜਬਰਜਿਨਾਹ ਸੰਬੰਧੀ ਵਿਸਥਾਰ ਪੂਰਵਕ 'ਸਵੈ-ਇੱਛਕ ਬਿਆਨ' ਦਿੱਤਾ। ਬਾਦ ਵਿਚ ਇਹ ਬਿਆਨ ਵੀ ਝੂਠਾ ਸਾਬਤ ਹੋਇਆ, ਜਦ ਕਿਸੇ ਹੋਰ ਆਦਮੀ ਨੇ ਜਬਰਜਿਨਾਹ ਦਾ ਕਸੂਰ ਮੰਨਿਆ।

'ਬਰੈਡਫੋਰਡ 12' ਤੇ ਲਾਏ ਇਲਜ਼ਾਮਾਂ ਪਿੱਛੇ/ ਅਸਲ ਮਸਲਾ ਪੈਟਰੋਲ ਬੰਬਾਂ ਦਾ ਨਹੀਂ, ਸਗੋਂ ਪੁਲਸ ਵਲੋਂ ਕਾਲੇ ਲੋਕਾਂ ਦੀ ਸਵੈਰੱਖਿਆ ਨੂੰ ਕੁਚਲਣਾ ਹੈ। ਦਾਅ ਤੇ ਕਾਲੇ ਲੋਕਾਂ ਦੇ ਸਵੈ-ਰੱਖਿਆ ਦਾ ਹੱਕ ਹੈ, ਜਦ ਕਿ ਸਵੈ-ਰੱਖਿਆ ਦਾ ਹੋਰ ਕੋਈ ਸਾਧਨ ਨਹੀਂ ਹੈ, ਪੁਲਸ ਉਨ੍ਹਾਂ ਦੀ ਰੱਖਿਆ ਕਰਦੀ ਨਹੀਂ। ਹਫਤੇ ਦੇ ਅਖੀਰ ਤੇ ਬਰੈਡਫੋਰਡ ਵਿਚ ਅਕਸਰ ਨੈਸ਼ਨਲ ਫਰੰਟ ਦਾ ਧਾਵਾ ਹੁੰਦਾ ਹੈ। ਬਰੈਡਫੋਰਡ ਅੰਦਰ ਤੇ ਆਲੇ ਦੁਆਲੇ ਘਰਾਂ, ਦੁਕਾਨਾਂ ਅਤੇ ਪੂਜਾ-ਸਥਾਨਾਂ ਨੂੰ ਅੱਗ ਲਾਈ ਜਾ ਚੁੱਕੀ ਹੈ। ਗਲੀਆਂ ਵਿਚ ਹਮਲੇ ਹੋਣੇ ਤਾਂ ਆਮ ਵਰਗੀ ਗੱਲ ਹੈ। ਪਿਛਲੇ ਕੁੱਝ ਹਫਤਿਆਂ ਵਿਚ ਅਜਿਹੇ ਅਨੇਕਾਂ ਹਮਲੇ ਹੋਏ ਹਨ। ਮਿਸਾਲ ਲਈ 24 ਜੁਲਾਈ ਨੂੰ ਏਸ਼ੀਆਈਆਂ ਦੇ ਦੋ ਘਰਾਂ ਵਿਚ ਬਦਨੀਤੀ ਨਾਗ ਹਮਲੇ ਨਾਲ ਤਬਾਹੀ ਕੀਤੀ ਗਈ। ਦੋ ਗੋਰੇ ਆਦਮੀਆਂ ਦੇ ਦੋਸ਼ ਲਾਏ ਗਏ, ਪਰ ਜ਼ਮਾਨਤ ਤੇ ਛੱਡ ਦਿਤੇ ਗਏ, 14 ਜੁਲਾਈ ਨੂੰ ਇਕ ਏਸ਼ਆਈ ਸਕੂਲੀ ਮੁੰਡੇ ਤੇ ਕਰੀਬ 40 ਗੋਰੇ ਆਦਮੀਆਂ ਦੇ ਗਿਰੋਹ ਨੇ ਨਸਲਵਾਦੀ ਨਾਰੇ ਲਾਉਂਦੇ ਹੋਏ ਤੇ ਨਾਜ਼ੀ ਸਲੂਟ ਮਾਰਦਿਆਂ ਪੈਟਰੋਲ ਬੰਬ ਨਾਲ ਹਮਲਾ ਕੀਤਾ। ਸਿਰਫ ਦੋ ਬੰਦਿਆਂ ਤੇ ਇਲਜ਼ਾਮ ਲਾਇਆ ਗਿਆ, ਉਹ ਵੀ ਸਿਰਫ ਬੰਬਾਂ ਈ ਪੈਟਰੋਲ ਚੋਰੀ ਕਰਨ ਦਾ।

ਫਾਸ਼ਿਸ਼ਟ ਹਮਲਿਆਂ ਦੌਰਾਨ ਬਰੈਡਫੋਰਡ ਪੁਲਸ ਨਾਂ ਸਿਰਫ ਤਮਾਸ਼ਬੀਨ ਹੀ ਰਹਿੰਦੀ ਹੈ, ਸਗੋਂ ਕਾਲੇ ਨੂੰ ਸਿੱਧੇ ਰੂਪ ਵਿਚ ਤੰਗ ਵੀ ਕਰਦੀ ਹੈ। ਪਿਛਲੇ 18 ਮਹੀਨਿਆਂ ਤੋਂ ਖਾਸ ਤੌਰ ਤੇ ਨਿਗਾਹ ਰੱਖਣ ਦਾ ਕੰਮ ਤੇਜ਼ ਹੋਇਆ ਹੈ। ਮਿਸਾਲ ਲਈ ਕਾਲੇ ਲੋਕਾਂ ਦੀ ਇਕ ਕਾਨਫਰੰਸ ਵਿਚ ਹਿੱਸਾ ਲੈਣ ਵਾਲਿਆਂ ਨੂੰ 'ਵਾਚ' ਕੀਤਾ ਗਿਆ ਤੇ ਇਕ ਪੁਲਸ ਅਫਸਰ ਉਨ੍ਹਾਂ ਦੇ ਫੋਟੋ ਵੀ ਖਿੱਚ ਰਿਹਾ ਸੀ। ਬਚਾਅ ਪੱਖ ਦੀਆਂ ਗ੍ਰਿਫਤਾਰੀਆਂ ਤੋਂ ਬਾਦ ਉਨ੍ਹਾਂ ਦੇ ਰਿਸ਼ਤੇਦਾਰਾਂ, ਦੋਸਤਾਂ (ਲੰਦਨ ਤੱਕ ਵਿਚ ਰਹਿਣ ਵਾਲੇ ਵੀ) ਦੀ ਪੁੱਛ ਗਿੱਛ ਤੇ ਹੋਰ ਤਰ੍ਹਾਂ ਤਰ੍ਹਾਂ ਤੰਗ ਕੀਤਾ ਜਾ ਰਿਹਾ ਹੈ।


ਫਾਸ਼ਿਸ਼ਟਾਂ ਨਾਲ ਪੁਲਸ ਮਿਲੀ ਭਗਤ ਦੀ ਤਾਜ਼ੀ ਮਿਸਾਲ 23 ਅਗਸਤ ਦੀ ਹੈ। ਬਰੈਡਫੋਰਡ ਟੈਕਸ-ਟਾਈਲ ਹਾਲ ਵਿਚ ਵੈਸਟ ਇੰਡੀਜ਼ ਕਮਿਊਨਿਟੀ ਸੈਂਟਰ ਵਿਚ 'ਬਰੈਡਫੋਰਡ 12' ਬਚਾਅ ਕਮੇਟੀ ਦੀ ਮੀਟਿੰਗ ਦੀ ਥਾਂ ਨੂੰ ਅੱਗ ਲਾਈ ਗਈ। ਪੁਲਸ ਇਸ ਨੂੰ ਸਿਰਫ ਦੁਰਘਟਨਾ ਦੱਸ ਰਹੀ ਹੈ।

ਇਹ ਘਟਨਾਵਾਂ ਕੀ ਜ਼ਾਹਰ ਕਰਦੀਆਂ ਹਨ? ਨਾਂ ਸਿਰਫ ਪੁਲਸ ਨੈਸ਼ਨਲ ਫਰੰਟ ਦੀ ਹਿਮਾਇਤੀ ਤੇ ਹਮਦਰਦ ਹੈ, ਸਗੋਂ ਹਕੂਮਤ ਵੀ ਆਪਣੇ ਪਾਸ ਕੀਤੇ ਕਾਨੂੰਨਾਂ ਤੇ ਸਿਆਸੀ ਵਿਰੋਧੀਆਂ ਨੂੰ ਨਿਗਾਹ ਹੇਠ ਰੱਖਣ ਦੀ ਨੀਤੀ ਨਾਲ ਫਾਸ਼ੀ ਹਕੂਮਤ ਵੱਲ ਵਧ ਰਹੀ ਹੈ। ਹਕੂਮਤ ਨੂੰ ਖੁਦ ਫਾਸ਼ੀ ਗੁੰਡਿਆਂ ਦੀ ਲੋੜ ਹੈ, ਜੋ ਉਹ ਖੁਦ ਇਸ ਵੇਲੇ ਆਪ ਖੁਲ੍ਹ ਕੇ ਨਹੀਂ ਕਰ ਸਕਦੀ, ਉਹ ਉਹਨਾਂ ਤੋਂ ਕਰਾਉਂਦੀ ਹੈ। ਜੇ ਇਸ ਵਰ੍ਹੇ ਸਾਊਥਾਲ ਵਿਚ ਫਾਸਿਸ਼ਟਾਂ ਨੂੰ ਮੂੰਹ ਦੀ ਖਾਣੀ ਪਈ ਤਾਂ ਹਕੂਮਤ ਉਨ੍ਹਾਂ ਦੇ ਪੱਖ ਵਿਚ ਆਈ। ਏਸ ਗਰਮੀ ਦੀ ਬਗਾਵਤ ਨੇ ਦਿਖਾਇਆ ਹੈ ਕਿ ਇੰਗਲੈਂਡ ਵਿਚ ਇਸ ਸਮੇਂ ਮਜ਼ਦੂਰ ਜਮਾਤ ਵਿਚ ਕਾਲੇ ਲੋਕ ਸਭ ਤੋਂ ਵੱਧ ਇਨਕਲਾਬੀ ਹਿਸਾ ਹਨ। ਇਸੇ ਲਈ ਇਹ ਕੇਸ ਘੜੇ ਜਾ ਰਹੇ ਹਨ। ਇਸੇ ਲਈ ਪੂਰੀ ਮਜ਼ਦੂਰ ਜਮਾਤ ਤੇ ਵਾਰ ਕੀਤਾ ਜਾ ਰਿਹਾ ਹੈ। ਜੇ ਉਹ ਸਵੇਰੇ ਸਾਡੇ ਲਈ ਆਉਂਦੇ ਹਨ ਤਾਂ ਨਿਸ਼ਚਿਤ ਹੀ ਰਾਤ ਨੂੰ ਤੁਹਾਡੇ ਲਈ ਵੀ ਆਉਣਗੇ।

ਕੀ 'ਬਰੈਡਫੋਰਡ 12', ਜਿਨ੍ਹਾਂ ਤੇ ਪੁਲਸ ਨੇ ਸਾਜ਼ਸ਼ ਦੇ ਇਲਜ਼ਾਮ ਲਾਏ ਹਨ, ਜਿਨ੍ਹਾਂ ਨੂੰ ਉਮਰ ਕੈਦ ਹੋ ਸਕਦੀ ਹੈ, ਨਿਆਂਪੂਰਣ ਮੁਕੱਦਮੇ ਦੀ ਉਮੀਦ ਕਰ ਸਕਦੇ ਹਨ? ਕੀ ਉਹ ਜ਼ਾਲਮ ਤੇ ਨਸਲਵਾਦੀ ਨਿਆਂ-ਵਿਵਸਥਾ ਤੋਂ ਇਨਸਾਫ ਦੀ ਉਮੀਦ ਕਰ ਸਕਦੇ ਹਨ? ਜਿਸ ਨੂੰ ਸਾਲਾਂ ਤੋਂ ਲਗਾਤਾਰ ਕਾਲੇ ਲੋਕਾਂ ਤੇ ਦੋਸ਼ ਲਾਉਣ ਲਈ ਵਰਤਿਆ ਗਿਆ ਹੈ? ਇਹ ਮੁਕੱਦਮਾ ਅਵੱਸ਼ ਹੀ ਬੰਦ ਕੀਤਾ ਜਾਣਾ ਚਾਹੀਦਾ ਹੈ! — ਬਰੈਜਫੋਰਡ 12' ਤੇ ਲਾਏ ਇਲਜ਼ਾਮ ਵਾਪਸ ਲਓ! ਫਾਸ਼ੀਆਂ ਤੇ ਇਲਜ਼ਾਮ ਲਾਓ! 'ਬਰੈਡਫੋਰਡ 12' ਨੂੰ ਰਿਹਾ ਕਰੋ!

14 ਸਿਤੰਬਰ ਤੋਂ ਇਸ ਮੁਕੱਦਮੇ ਖਿਲਾਫ 'ਬਰੈ-ਡਫੋਰਡ 12' ਮਦਦ ਗਰੁੱਪ, ਲੰਦਨ' ਨੇ ਨੈਸ਼ਨਲ ਪਿਕਟਿੰਗ ਸ਼ੁਰੂ ਕੀਤੀ ਪਬਲਿਕ ਮੀਟਿੰਗਾਂ ਵੀ ਕੀਤੀਆਂ ਹਨ। ਹਿੰਦੁਸਤਾਨ ਦੇ ਜਮਹੂਰੀ ਹਲਕਿਆਂ ਨੂੰ ਵੀ ਬਰੈਡਫੋਰਡ 12' ਦੀ ਰਿਹਾਈ ਦੀ ਮੰਗ ਕਰਨੀ ਚਾਹੀਦੀ ਹੈ।

([illegible])



## ਦਿਨ ਰਾਤ ਅਤੇ ਧੁੱਪ ਛਾਂ
(ਸੁਰਿੰਦਰ ਧੰਜਲ)

ਮੇਰੀ ਕਾਲੀ ਚਮੜੀ ਤੱਕ ਕੇ
ਮੱਥੇ ਤਿਊੜੀ ਵਾਲਿਆ ਮਿੱਤਰਾ!
ਮੇਰੀ ਚਮੜੀ ਦੇ ਹੇਠਾਂ ਵੀ
ਤੇਰੇ ਜਿਹਾ ਮਨੁੱਖ ਵਸਦਾ ਹੈ
ਤੇਰੇ ਵਾਂਗੂੰ ਦੁਖ ਸੁਖ ਅੰਦਰ
ਜੋ ਰੋਂਦਾ ਹੈ ਜੋ ਹਸਦਾ ਹੈ

ਕਿੱਥੇ ਜੰਮਣਾ, ਇਸ 'ਤੇ ਸਾਡਾ
ਦੋਵਾਂ ਦਾ ਅਧਿਕਾਰ ਨਾ ਕੋਈ
ਦੋ ਬੂੰਦਾਂ ਤੋਂ ਇੱਕ ਰੂਹ ਹੋਏ
ਸਾਡੇ ਮਾਂ ਪਿਓ ਦੀ ਮਿਲਣੀ ਦੇ
ਅਸੀਂ ਨਤੀਜੇ —
ਠੀਕ ਗ਼ਲਤ ਦਾ ਸਾਡੇ ਕੋਲ
ਮਿਆਰ ਨਾ ਕੋਈ
ਬੋਲੀ ਦੇਸ਼ ਪ੍ਰਾਂਤ ਨਸਲ ਦੀ
ਨਾਮ ਰੰਗ ਜਾਂ ਧਰਮ ਸ਼ਕਲ ਦੀ
ਜਨਮ ਸਮੇਂ ਕੋਈ ਚੋਣ ਨਾ ਸਾਡੀ
ਤੂੰ ਸਾਡੇ ਘਰ, ਮੈਂ ਤੇਰੇ ਘਰ
ਜੰਮ ਸਕਦਾ ਸੀ
ਮੈਂ ਗੋਰਾ ਤੂੰ ਕਾਲਾ ਹਬਸ਼ੀ
'ਹਿੰਦੂ' 'ਪਾਕੀ' ਹੋ ਸਕਦਾ ਸੀ।

ਜੋ ਕੁਝ ਸਾਡੇ ਵੱਸ ਅੰਦਰ ਹੈ
ਆ ਉਹ ਲੇਖਾ ਜੋਖਾ ਕਰੀਏ
ਮੇਰੀ ਮਾਂ ਤੋਂ ਸੁਣੀ ਬਾਤ ਜਿਓਂ
'ਜੇ ਤੂੰ ਦਿਓ, ਮੈਂ ਦਿਓ ਦਾ ਪਿਓ' ਜਿਹੀ
ਕੂੜੀ ਨਾ ਕੋਈ ਦੇਈਏ ਨਿਸ਼ਾਨੀ!
ਤੇਰੇ ਗਿਰਜੇ ਮੇਰੇ ਮੰਦਰ
ਸੱਭੇ ਸਾਂਝੀਵਾਲ ਸਦਾਇਨ।
ਤੇਰੇ ਸੈਕਸਾਫੋਨ, ਪਿਆਨੋ
ਮੇਰੀ ਰੂਹ ਵਿੱਚ ਖੇੜਾ ਭਰਦੇ
ਮੇਰੀ ਸਰੋਦ, ਸਿਤਾਰ, ਸਾਰੰਗੀ
ਤੇਰੇ ਅੰਦਰ ਵੀ 'ਕੁਝ' ਕਰਦੇ
ਲਿੰਕਨ, ਕਿੰਗ, ਭਗਤ, ਮੇਵਾ ਸਿੰਘ
ਸਭਦਾ ਖ਼ੂਨ ਅਸਾਂ ਲਈ ਡੁੱਲ੍ਹਿਆ
ਨਾ ਚਿੱਟਾ ਨਾ ਕਾਲਾ ਮਿੱਤਰਾ!
ਲਾਲ ਰੰਗ ਦਾ ਖ਼ੂਨ ਸੀ ਸਭਦਾ।
ਨਿਊਟਨ, ਬੋਸ, ਐਡੀਸਨ, ਰਾਮਨ
ਸਭਨਾਂ ਦਾ ਵਿਗਿਆਨ-ਗਿਆਨ
ਜਿੰਨਾਂ ਮੇਰਾ ਓਨਾਂ ਤੇਰਾ, ਸਭ ਦਾ ਸਾਂਝਾ
ਤੇਰੇ ਘਰ ਰੋਮੀਓ ਜੂਲੀਅਟ
ਮੇਰੇ ਘਰ ਵਿੱਚ ਹੀਰ ਤੇ ਰਾਂਝਾ।

ਮੈਂ ਤੇਰੇ ਰੁਜ਼ਗਾਰ 'ਤੇ ਛਾਪਾ ਨਹੀਂ ਮਾਰਿਆ
ਸਾਡੇ ਸਾਂਝੇ ਦੁਸ਼ਮਣ ਐਵੇਂ ਕੂੜ ਪਸਾਰਿਆ
ਜਦ ਵੀ ਜੰਗ ਦਾ ਬਿਗਲ ਕੂਕਿਆ
ਤੂੰ ਮਰਨਾ ਹੈ, ਮੈਂ ਮਰਨਾ ਹੈ
ਭਵਨਾਂ 'ਤੇ ਲਹਿਰਾਉਂਦੇ ਝੰਡੇ ਘੁੱਗ ਵਸਦੇ ਨੇ
ਸਾਡਾ ਖ਼ੂਨ ਡੁਲ੍ਹਾਕੇ ਮੰਡੀ ਲਈ ਨੱਸਦੇ ਨੇ
ਸਾਡੀ ਬੇਅਕਲੀ 'ਤੇ ਹੱਸਦੇ ਨੇ।

⟶

ਇੱਕ ਦੂਜੇ ਲਈ ਸਾੜੇ ਦਾ ਮੂੰਹ
ਅੰਦਰ ਦੀ ਥਾਂ ਬਾਹਰ ਕਰੀਏ
ਸਾਂਝੇ ਮਿੱਤਰ ਦੁਸ਼ਮਣ ਲੱਭੀਏ
ਕਾਲੇ ਚਿੱਟੇ 'ਕੱਠੇ ਢੱਬੀਏ!

ਕਾਲਾ ਚਿੱਟਾ ਰੰਗ ਕਿਤੇ ਜੇ
ਇੱਕ ਦੂਜੇ ਦੇ ਕੋਲ ਖਲੋਵਣ
ਦੂਣਾ ਸੋਹਣੇ -
ਤਾਰੇ ਦਿਨੇ ਜੋ ਮੂੰਹ ਲੁਕੋਂਦੇ
ਕਾਲੀ ਰਾਤ 'ਚ ਕਿੰਜ ਮਨ ਮੋਂਹਦੇ
ਚਿੱਟਾ ਕਾਗਜ਼ ਕਾਲੇ ਅੱਖਰ
ਕੁੱਲ ਦੁਨੀਆਂ ਦਾ ਇਲਮ ਸਿਖਾਉਂਦੇ।
ਕੁਦਰਤ ਨੇ ਹਨ ਕਾਲਾ ਚਿੱਟਾ
ਇੱਕ ਦੂਜੇ ਦੇ ਪੂਰਕ ਕੀਤੇ
ਗੋਰਾ ਦਿਨ ਤੇ ਰਾਤ ਹਨੇਰੀ
ਇੱਕ ਦੂਜੇ ਦੇ ਅੱਗੜ ਪਿੱਛੜ
ਚਿੱਟੀ ਧੁੱਪ ਤੇ ਕਾਲੀ ਛਾਂ ਵੀ
ਰਹਿਣ ਖੇਡਦੀਆਂ ਸਦਾ ਅਲਿੱਖੜ!

ਕਿਉਂ ਚੜ੍ਹੀਆਂ ਤੇਰੀਆਂ ਅੱਖਾਂ 'ਤੇ
ਫਿਰ ਨਫ਼ਰਤ ਰੰਗ ਭਰੀਆਂ ਅੱਖਾਂ?
ਜੋ ਮੇਰੀ ਚਮੜੀ ਦੇ ਹੇਠਾਂ
ਜਿਉਂਦਾ ਹੋਇਆ 'ਮੈਂ' ਨਾ ਦੇਖਣ
ਜੋ ਪੁਸਤਕ ਦੇ ਮੁੱਖ ਚਿਤਰ ਤੱਕ ਸੀਮਿਤ ਰਹਿੰਦੇ
ਅੰਦਰ ਜਿਉਂਦੀ ਲਿਖ਼ਤ ਨਾ ਮਾਨਣ -
ਮੱਥੇ ਤਿਊੜੀ ਵਾਲਿਆ ਮਿੱਤਰਾ!
ਕਾਲੀ ਚਮੜੀ ਦੇ ਹੇਠਾਂ ਵੀ
ਤੇਰੇ ਜਿਹਾ ਮਨੁੱਖ ਵਸਦਾ ਹੈ।

●

## ਕੁਝ ਵੀ ਨਹੀਂ
(ਇਕਬਾਲ ਰਾਮੂਵਾਲੀਆ)

ਹੋਰ ਬੱਸ ਕੁਝ ਵੀ ਨਹੀਂ...
ਉਹ ਤੱਕ ਧਾਰੜ ਕਰਦੇ, ਸਾੜ ਬੈਠੇ ਹਾਂ
ਆਪਣੀ ਰੇਤ ਦੀ ਹੱਸੀ ਦਾ ਸ਼ਾਇਦ ਅੰਤਲਾ ਵੱਟ ਵੀ,
ਹਾਜ਼ਰ, ਗ਼ੈਰ-ਹਾਜ਼ਰ ਦਾਹੜੀਆਂ ਉੱਤੇ
ਏਨੀ ਕੁ ਮਿੱਟੀ ਤਾਂ ਜ਼ਰੂਰ ਜੰਮੀ ਹੈ
ਕਿ ਤਰਕਸ਼ਾ ਕੁੰਡ ਬਣ ਜਾਂਦਾ,
ਡਬਲ ਰੋਟੀ ਦੇ
ਅਜੇ ਤੱਕ ਖੁਸ਼ਕ, ਟੁਕੜੇ 'ਤੇ
ਏਨਾਂ ਕੁ ਮੁੜ੍ਹਕਾ ਤਾਂ ਜ਼ਰੂਰ ਚੋਇਆ ਹੈ
ਕਿ ਚਿੜੇ ਚੋਹ ਦੇ ਲਈ ਕੁੰਡ ਭਰ ਲੈਂਦੇ।
ਪਰ ਸਾਥੋਂ ਕੁਝ ਨਹੀਂ ਹੋਇਆ...

ਅਸੀਂ ਜੋ ਸ਼ਾਇਰ ਹਾਂ, ਜਾਂ ਤਰਸ ਜੇਹਾ ਸ਼ਾਇਰ ਹੋਵਣ ਦਾ
'ਡਿਸਕੋ' ਨਾਚ ਦੇ ਸਾਜ਼ਾਂ ਦੀ ਪਾਗਲ-ਭਿਣਕਣੀ ਸਾਹਵੇਂ
ਨਬਜ਼ ਦੀ ਟਪਕ ਹਾਂ ਜਾਂ ਅੱਖ ਫੜਕਣ ਦਾ ਖੜਾਕਾ ਹਾਂ!
ਅਸਲ ਵਿੱਚ ਨਾ ਅਸੀਂ ਬਿੰਬਾਵਲੀ ਵਰਗੇ ਰਹੇ ਹਾਂ,
ਨਾ ਉਪਮਾਵਾਂ, ਅਲੰਕਾਰਾਂ ਦੀ ਕਿਣਮਿਣ,
ਤੇ ਨਾ ਹੀ ਸ਼ਿਅਰ ਦੇ ਵਿੱਚ ਫੁਣਕਦੀ ਹੋਈ ਰਵਾਨੀ।
ਏਸ ਤੋਂ ਉੱਪਰ ਅਸੀਂ ਉਂਞ ਬਹੁਤ ਕੁਝ ਹਾਂ:
ਨਵੇਂ ਬਟੂਏ ਦੀ ਚਿੜ ਚਿੜ ਹਾਂ
ਓਵਰ-ਟਾਈਮ ਦੇ ਨੋਟਿਸ ਦੀ ਹਾਸੀ ਹਾਂ ਧੁਖੀ ਜੇਹੀ
ਮਸ਼ੀਨਾਂ ਦੀ ਤੇ ਮਾਲਕ ਦੀ
ਸੁਬ੍ਹਾ ਤੋਂ ਸੁਬ੍ਹਾ ਤੱਕ ਕੰਨਾਂ 'ਚ ਰਿਸਦੀ ਅਣਥੱਕ ਘੁਸਰਘੁਸਰ ਹਾਂ
ਦਫ਼ਤਰੀ ਮੇਜ਼ ਦੇ ਉੱਤੇ ਨਰੀ ਕਾਢੀ ਦੇ ਬੇਲੱਜ਼ਤ ਸੁੜ੍ਹਾਕੇ ਹਾਂ!
ਅਸੀਂ ਜੋ ਸਫ਼ਰ ਦਾ ਇਕਰਾਰਨਾਮਾ ਸਾਂ
ਉਹ ਬੱਸ ਜੋਸ਼ ਹਾਂ ਲੱਕੜ ਦੇ ਅੰਗਾਂ ਦਾ।
ਅਸੀਂ ਜੋ ਲੋਕ-ਭਰਾਤੀ ਦੇ ਸੁਨੇਹੇ ਸਾਂ
ਬੈਂਕ-ਕਾਪੀ ਦੀ ਮੁਸਕੌਂਦੀ ਤਿਊੜੀ ਹਾਂ
ਕਾਰ ਦੀ ਟੁਟਦੀ ਕਿਸ਼ਤ ਹਾਂ
ਜਾਂ ਗਹਿਣੇ ਘਰਾਂ ਦਾ ਸਾਊ ਅਕੇਵਾਂ ਹਾਂ!
ਹੋਰ ਬੱਸ ਕੁਝ ਵੀ ਨਹੀਂ ਹਾਂ... ...

●

ਇਕਬਾਲ ਰਾਮੂਵਾਲੀਆ, ਸੁਰਿੰਦਰ ਧੰਜਲ
ਤੇ ਸੁਖਿੰਦਰ ਦਾ ਸਾਂਝਾ
ਕਾਵਿ-ਸੰਗ੍ਰਹਿ:

ਤਿੰਨ ਕੋਣ

(ਵਤਨੋਂ ਦੂਰ ਪਬਲੀਕੇਸ਼ਨਜ਼
ਵੈਨਕੂਵਰ)

## ਤੇ ਫਿਰ ਦਰਸ਼ਨਦੇਵਤਾ ਬੋਲਿਆ
(ਰਵਿੰਦਰ ਰਵੀ)

ਪੱਤਿਆਂ 'ਚੋਂ ਮਾਰੇ ਝਾਕਦੇ ਹਨ
ਵਣ ਦੇ ਰੁੱਖਾਂ ਦੇ ਤਣਿਆਂ 'ਚ
ਪਲਪ ਤੇ ਕਾਗ਼ਜ਼-ਮਿੱਲਾਂ ਦਾ ਸ਼ੋਰ ਹੈ!

ਟਹਿਣੀਆਂ ਵਾਂਗ ਫੈਲ ਗਈਆਂ ਹਨ,
ਘਣਾ ਧੂੰਪ ਅਨ੍ਹੇਰਾ ਲੈ
ਰਸਾਇਣਕ ਗੰਦਗੀ ਤੇ ਮਾਰੂ ਗੈਸਾਂ!

ਧਰਤੀ ਨੂੰ ਖਾਰ ਖਾ ਰਹੀ ਹੈ,
ਨਦੀਆਂ ਨੂੰ ਬੰਧ । ਕਿੱਥੇ ਜਾਣ
ਸੈਮਨ ਮੱਛੀਆਂ ਆਪਣੀ ਕੁਲ ਤੋਰਨ ਲਈ?

ਪ੍ਰਮਾਣੂ ਤੋੜਕੇ ਅਥਾਹ ਸ਼ਕਤੀ ਜੋੜਨ ਵਾਲੇ,
ਬਲ ਦੀ ਤਕਦੀਰ ਨਾ ਜੋੜ ਸਕੇ।

ਬਲ, ਜਿਸ ਜ਼ਿੰਦਗੀ ਦਾ ਪ੍ਰਤੀਕ ਹੈ,
ਉਸ ਵਿੱਚ ਹਰਿਆਵਲ ਕਦੋਂ ਮੌਲੇਗੀ?
ਵਿਗਸਣਗੇ ਬੀਜ?

ਅੱਜ ਦਾ ਦਰਸ਼ਨਦੇਵਤਾ ਆਖਦਾ ਹੈ:
"ਇਹ ਸਭ ਗੱਲਾਂ
ਤੇ ਇਨ੍ਹਾਂ ਨਾਲ ਜੁੜੀਆਂ ਆਸਾਂ
ਕੁੱਕੜ ਦੇ ਮੂੰਹ 'ਚੋਂ ਦੰਦ ਲੱਭਣ ਵਾਂਗ ਹਨ।"

ਏਸ ਜੁੱਗ ਵਿਚ
ਤੇਜ਼ਾਬੀ ਮੀਂਹ ਦੀ ਗੱਲ ਤੁਰੀ ਹੈ।
ਫ਼ਸਲਾਂ ਉਪਜਾਉਣ, ਝਾੜ ਵਧਾਉਣ
ਵਾਲਾ ਕਾਦਰ,
ਪ੍ਰਕ੍ਰਿਤੀ-ਘਾਤਕ ਵੀ ਹੋ ਸਕਦਾ ਹੈ!
ਤੋਬਾ! ਤੋਬਾ!!
ਜ਼ਿੰਦਗੀ ਦੀ ਲਾਟ ਕੁਝ ਮੱਧਮ ਕਰੋ,
ਹਾਈਡਰੋਜਨ ਨੂੰ ਅੱਗ ਪੈਣ ਦਾ ਖ਼ਤਰਾ ਹੈ!

●

## ਅੰਤਰ-ਰਾਸ਼ਟਰੀ ਖ਼ਬਰ
(ਸਾਧੂ)

ਕਿਸੇ ਨਵੀਂ ਬੰਬਈਆ ਫਿਲਮੀ ਸ਼ਹਿਜ਼ਾਦੀ ਨੇ
ਪ੍ਰਿੰਸ ਫਿਲਿਪ ਨੂੰ ਕਿੱਸ ਦਿੱਤੀ
ਇਹ ਇੱਕ ਅੰਤਰ-ਰਾਸ਼ਟਰੀ ਖ਼ਬਰ ਬਣ ਗਈ
ਅਰਬਾਂ ਦੇ ਤੇਲੀ ਜੋ ਨਿੱਤ ਖਰੀਦਦੇ
ਸੰਡੇ ਵਾਂਗੂੰ ਝੂਮਦੇ
ਫੋਕਟ ਸੜਕਾਂ 'ਤੇ ਦਗਾੜ ਮਾਰਦੇ ਹਨ
ਉਹਨਾਂ ਹਜ਼ਾਰਾਂ ਭਾਰਤੀ ਕੁੜੀਆਂ ਦਾ
ਕਦੀ ਜ਼ਿਕਰ ਨਹੀਂ ਸੁਣਿਆ

●

---

ਸੋਚਦਾ ਹਾਂ
ਲਹੂ ਹੈ,
ਕਿਉਂ ਨਹੀਂ ਖੌਲੇਗਾ?
ਲਹੂ ਹੈ,
ਕਿਉਂ ਨਹੀਂ ਬੋਲੇਗਾ!

●

## ਲਹੂ ਬੋਲਦਾ ਹੈ
(ਦਰਸ਼ਨ ਗਿੱਲ)

1.

ਅੱਜ
ਜਦ ਆ ਖਹਿੰਦੇ ਹਨ
ਸਾਡੇ ਬੂਹੇ, ਧਾਰੀਆਂ ਸੰਗ
ਨਸਲੀ ਰੰਗ ਦੇ ਝੰਡੇ
ਤੇ
'ਵਾਜ਼ਾਂ ਮਾਰ ਪੁਕਾਰਦੇ ਹਨ
ਸਾਨੂੰ,
ਸਾਡੀ ਮਾਂ-ਭੂਮੀ ਦੇ
ਬਹੁ-ਗਿਣਤੀ
ਧਰਮ ਦੇ ਨਾਂ ਉੱਤੇ-

ਆਵਾਰਾ ਫਿਜ਼ਾ 'ਚ
ਆ ਚਿਪਕਦੇ ਹਨ
ਜ਼ਖ਼ਮੀ ਖ਼ਿਆਲ
ਇਸ਼ਤਿਹਾਰ ਬਣਕੇ
ਸਾਡੀਆਂ ਦਹਿਲਦੀਆਂ
ਦੀਵਾਰਾਂ ਉੱਪਰ
ਤਾਂ ਲਹੂ ਖੌਲਦਾ ਹੈ!

2.

ਅੱਜ
ਸਾਡੇ ਘਸਮੈਲੇ ਰੰਗ ਨੂੰ
ਗੋਰਾ ਰੰਗ
ਦੁਰਕਾਰਦਾ ਹੈ
ਤਾਂ ਮੈਨੂੰ ਯਾਦ ਆਉਂਦਾ ਹੈ-

ਜਦ ਮੇਰਾ ਸਰਪੰਚ ਮਾਮਾ
'ਰੱਖੇ ਕ੍ਰਿਊਰ' ਨੂੰ
ਕੁਜ਼ਾਤ ਦੱਸਦਾ ਸੀ
ਤੇ
ਮੇਰਾ 'ਜ਼ੈਲਦਾਰ' ਬਾਪੂ
'ਕਿਸ਼ਨੇ ਚੌਕੀਦਾਰ' ਨੂੰ
ਚੜ੍ਹੂਮ ਸੱਦਦਾ ਸੀ

ਜਦ ਮੈਂ ਸਾਥੀ ਜਮਾਤੀਆਂ
ਦੇ ਹੋਠੋਂ
ਸਾਥੀ ਜਮਾਤੀਆਂ ਦੇ
ਨਾਵਾਂ ਦੀ ਥਾਂ,
ਉਨ੍ਹਾਂ ਦੀਆਂ ਜ਼ਾਤਾਂ ਦੇ
ਨੌਂਘਰ ਸੁਣਦਾ ਸੀ!

ਅੱਜ ਸਮਝਦਾ ਹਾਂ
ਕਿ ਲਹੂ ਬੋਲਦਾ ਹੈ!

3.

ਅੱਜ ਜਦ ਮੇਰੇ ਮਾਮੇ
ਤੇ ਮੇਰੇ ਬਾਪੂ ਦੀ ਪੱਗ
ਵੈਨਕੂਵਰ, ਟਰਾਂਟੋ
ਜਾਂ
ਲੰਡਨ 'ਚ ਉਛਲਦੀ ਹੈ
ਤਾਂ
ਸਦਮਾ ਬਹੁਤ ਹੁੰਦਾ ਹੈ

←

## ਵਿਦਰੋਹੀ ਗੁਰ ਦਾ ਹਸ਼ਰ
(ਜਗਦੇਵ ਜਟਾਣਾ)

ਰੌਲਾ ਰੱਪਾ
ਗਾਲੀ ਗਲੋਚ ਦੀ ਸਥਿਤੀ
ਪਾਰ ਕਰ
ਹੱਥੋ-ਪਾਈ ਤੱਕ ਪੁੱਜਦਾ ਦੇਖ
ਗੁਰੂ ਘਰ ਦੀ ਤੱਕ ਬੇ-ਅਦਬੀ
ਜਦ ਮੈਥੋਂ ਨਾ ਗਈ ਸਹਾਰੀ
ਕਰ ਇਕੱਠੀ ਸ਼ਕਤੀ
ਚੋਰ ਧਿਰਾਂ ਵਿਚਕਾਰ ਪਹੁੰਚ
ਉਹਨਾਂ ਤਾਈਂ ਅਰਜ਼ ਗੁਜ਼ਾਰੀ
ਓ ਧਰਮ ਦੇ ਠੇਕੇਦਾਰੋ!
ਓ ਚੌਧਰ ਦੇ ਭੁੱਖਿਓ!
ਮਾਇਆ ਦੇ ਪੁਜਾਰੀਓ!
ਸ਼ਰਮ ਕਰੋ ਇਸ ਗੁਰੂ ਦੀ
ਅਰਜ਼ ਨਹੀਂ ਕੀਤੀ ਗੱਜਿਆ ਸਾਂ
ਤੀਰ ਬਣ ਦਿਲਾਂ ਵਿੱਚ ਵੱਜਿਆ ਸਾਂ
ਦਖ਼ਲ ਅੰਦਾਜ਼ੀ ਸਹਾਰਨੀ ਕੀ ਜਾਣਣ
ਜਿਨ੍ਹਾਂ ਸਿੱਖਿਆ ਸਿਰਫ਼ ਉਪਦੇਸ਼ ਕਰਨਾ
ਸ਼ੈਕਤਾਂ ਅੱਗ ਵਿੱਚ ਕੁੱਦਿਆਂ ਤਾਈਂ ਸੌਖਾ
ਕੀ ਜਾਣਨ ਪਤੰਗਾ ਬਣ ਕਿੰਝ ਸੜਨਾ
ਵੱਜੇ ਲਲਕਾਰੇ ਤੇ ਉੱਠੇ ਹੱਥ
ਪਰ ਕੁਝ ਸੋਚ
ਉਹਨਾਂ ਨਜ਼ਰ ਮਿਲਾਈ
ਨਾਸਤਕ, ਨਾਸਤਕ ਦੀ ਪਾਈ ਦੁਹਾਈ
ਚੁੱਪ ਬੈਠੀ ਸੰਗਤ
ਮੇਰੇ ਤੇ ਵਰ੍ਹ ਪਈ
ਧਰਮ ਦੀ ਰਾਖੀ
ਮੇਰੇ ਲਈ ਬਿਪਤਾ ਬਣ ਗਈ!

●

## ਭੇਦ
(ਹਰਦੇਵ ਵੜੈਚ)

ਰੰਗੀ ਘੜੀ
ਜਦ ਮਿੱਤਰਾਂ ਨੂੰ
ਗਲੇ ਲਾਇਆ ਮਿੱਤਰਾਂ,
ਮੰਦੀ ਘੜੀ
ਜਦ ਮਿੱਤਰਾਂ ਨੇ
ਚਾਲ ਵੰਡੀ ਛਿੱਤਰਾਂ!
ਜੁੜਨ ਦੀ
ਤਾਢੀ ਖ਼ੁਸ਼ੀ,
ਸੀ ਤੁਰਨ ਦੀ ਤਾਢੀ ਗ਼ਮੀ,
ਇਹ ਨ੍ਹੇਰ ਹੋਇਆ
ਕਿਸ ਤਰ੍ਹਾਂ,
ਜਾਣਦ ਕਰਾਂ ਤਾਂ ਕਿਸ ਤਰਾਂ!!

●

# ਨੈਗ਼ਮਾ

ਪੰਜਾਬ ਨੂੰ ਮੁਖ਼ਾਤਿਬ

- ਤਰਨ ਸਿੰਘ

ਵਤਨਾਂ ਤੋਂ ਜਦ ਪਰਤ ਆਉਂਦੇ ਨੇਂ
ਇੰਜ ਲਗਦੈ ਪੱਤ ਝੜ ਨੂੰ ਜਿਉਂ ਪੱਤ ਆਉਂਦੇ ਨੇ।
ਆਬਰੂ ਭਰੀ ਅੱਖ ਨੂੰ ਦਿਸਦੈ
ਉਧੜਿਆ ਜਿਹਾ ਪੰਜਾਬ ਦਾ ਚਿਹਰਾ।
ਭੁਰਿਆ, ਫਿੱਸਿਆ, ਛਿੱਲਿਆ, ਕੱਟਿਆ,
ਜੀਤ ਤੇਰੀ ਤੋਂ ਹਰ ਅੰਗ ਤੀਵਣ,
ਜਿਉਂ ਮੰਗੀ ਸ਼ਾਹ-ਅਸਵਾਰ ਦਾ ਚਿਹਰਾ।
ਕਾਵਾਂ ਚੁੰਗੇ ਗੁਲਾਬ ਦਾ ਚਿਹਰਾ
ਇੱਕ ਮਾਂ ਮੇਰੀ ਦਾ ਵੈਣ ਹੈ,
ਜੋ ਉਮਰਾਂ ਦਾ ਦਰਿਆ ਗੀਰ ਰਹੀ ਹੈ।
ਇੱਕ ਤੋਤੇ ਦੇ ਖੰਭੇ ਡਾਈਂ; ਪਲੇ 'ਚ ਪਾ ਕੇ ਦੱਸ ਰਹੀ ਹੈ
ਪਲ੍ਹੇ:- "ਬਿਆਸ, ਰਾਵੀ, ਝਨਾਂ
ਸਤਲੁਜ, ਜਿਹਲਮ, ਤੇ ਸਿੰਧ ਸਾਂ।
ਥੋੜਾ ਬਹੁਤਾ ਉਹ ਵੀ ਹਾਂ।"
ਹਵਾ ਤੇਰੀ ਰੂਹ 'ਚ ਉੱਤਰੇ
ਜਲ ਤੇਰਾ ਮਹਿਬੂਬ ਦੇ ਬੋਲਾਂ ਤੋਂ ਮਿੱਠਾ।
ਉਹ ਪਹਾੜ ਤੇ ਦਰਿਆ,
ਉਜਾੜਾਂ 'ਚ ਵਗਦੇ ਰਾਹ।
ਰੁੱਤਾਂ ਦੀ ਠੰਢੀ ਛਾਂ 'ਚ ਪੁੱਗੀ,
ਗੀਤ ਤੇਰੇ ਗਾਉਂਦੀ ਰਹੇ।
ਮਹਿਕ ਤੇਰੀ ਸੋਹਣਿਆ,
ਇਸ ਜਿਸਮ ਚੋਂ ਆਉਂਦੀ ਰਹੇ।
ਆਜ਼ਰ ਤੇਰੇ ਜਿਉਂਦੇ ਰਹਿਣ,
ਸੋਹਣੀਆਂ, ਸੱਸੀਆਂ ਤੇ ਹੀਰਾਂ ਦੇ ਮਹਿਰਮ ਜਿਉਂਦੇ ਰਹਿਣ।
ਜੰਡ ਹੇਠਾਂ ਮਿਰਜ਼ਾ ਤੇਰਾ ਮਰਦਾ ਰਹੇ।
ਸਾਹਿਬਾਂ ਦਾ ਤੱਤਾ ਲਹੂ ਸਦਾ ਤਰਦਾ ਰਹੇ।
ਬਣ ਕੇ ਸਾਹ ਇਸ ਜਿਸਮ 'ਚ ਨਸਦਾ ਰਹੇ,
ਮੈਂ ਤੇਰੇ 'ਚ ਤੂੰ ਮੇਰੇ 'ਚ ਵਸਦਾ ਰਹੇਂ।
ਸ਼ਹੀਦ ਤੇਰੇ ਸਿਰ ਤਲੀ ਤੇ ਰੱਖ ਕੇ ਜੰਮਦੇ ਰਹਿਣ।
ਫਕੀਰ ਤੇਰੇ ਸੱਚ ਲਈ ਦੇਸ਼ਾਂ ਦੇ ਵਿੱਚ ਲੜਦੇ ਰਹਿਣ।
ਲੋਕਾਂ ਲਈ ਮਰਦੇ ਰਹਿਣ।
ਅੱਗ ਤੇਰੀ ਆਵਾਰਗੀ ਦੀ ਮੱਚਦੀ ਰਹੇ।
ਪਾਣੀ ਦੀ ਤਹਿ 'ਚ ਮੱਛਲੀ ਕਰੂਏ ਲਈ ਤੱਸਦੀ ਰਹੇ।
ਰੇਗਸਤਾਨਾਂ ਤੇਰਿਆਂ ਦੇ ਗਲ ਲੱਗ ਰੋਂਦਾ ਰਹੇਂ,
ਰੇਤ ਤੇਰੀ ਉਮਰ ਭਰ ਫੱਕਦਾ ਰਹਾਂ।
ਪਾਣੀਆਂ ਤੇ ਤੈਰਦਾ ਤੇ ਸਿੱਪਦਾ ਜੰਗਲ ਰਹਾਂ
ਬਣ ਕੇ ਪਸੀਨਾਂ ਕਈਂ ਵਾਰੀਂ
ਮੱਥੇ ਤੇ ਆ ਜਾਣਾ ਏਂ ਤੂੰ।
ਜਿੱਸੇ ਲਹੂ 'ਚ ਦਰਦ ਬਣ,
ਅੱਖਾਂ ਚੋਂ ਵਗ ਜਾਣਾ ਏਂ ਤੂੰ।
ਉਹ ਝੱਟ ਤੇ ਸ਼ਾਹ,
ਲਟੋਰਾ ਆਸਮਾਂ ਤੇ ਰਾਹ।
ਉਹ ਮੀਂਹ ਤੇ ਸੋਕੇ,
ਬਣੇ ਨੇਂ ਦੂਰ ਮੇਰੇ ਤੋਂ ਮੇਰੇ ਆਪਣੇ ਹੋ ਕੇ।
ਉਹ ਹਵੇਲੀਆਂ, ਕੁੜੀਆਂ ਤੇ ਵਹਿੜੀਆਂ,
ਅੱਖਾਂ 'ਚ ਕਿਵੇਂ ਤੈਰੀਆਂ ਨੇ ਟੁੱਟ ਪੈਂਦੀਆਂ।
ਦੱਸ ਖਾਂ!
ਕੇਸਰ ਖਿੜਦੈ ਤੇਰੇ ਲਈ ਅਰਸ਼ੀਆਂ,
ਛੇੜਦੈਂ ਤੇਰਾ ਰੰਗ ਤੇ ਢਾਲਾ।
ਜਿਉਂਦਾ ਰਹੁ ਤੇਰੀ ਜੁੱਤੀ ਮੇਚੇ ਤੇ,
ਹੋਸਾ ਭਰਦੈ ਉਹ ਵੀ ਤੇਰਾ ਪਾਣੀ,
ਅਮਰੋ ਉਹ ਵੀ ਰੁੰਨਦੀ,
ਤੇਰੇ ਵੈਦਾ ਲਈ ਦਾਣੇ।
ਤੇਰੇ ਪਸ਼ੂਆਂ ਦਾ ਸੋਹਾ ਪੱਥਰੀ ਵੀਰੋ।
ਸੀਖ ਤੇ ਗਲੀਉ-ਗਲੀ ਫੇਰਦਾ,
ਤੇਰਾ ਲੋਹੇ ਦਾ ਰੇਸ਼ਾ।
ਮੇਰੇ ਬਿਨ ਲਗਦਾ ਤੈਨੂੰ,
ਤੇਰਾ ਸੱਖਣਾ ਵਿਹੜਾ।
ਕਦੀ ਸੁਣੀ ਆਂ ਤਰਖੇ ਦੀ ਆਵਾਜ਼।
ਤੇਰਾ ਆਟਾ ਉਹ ਵੀ ਪੀਂਹਦੈ ਮੀਂਹ ਦਾ ਖ਼ਰਾਸ।
ਉਹ ਵੀ ਪਸਾਰੀ ਬੈਠਦੇ ਟੱਬਰਾਂ ਦੇ ਟੱਬਰ- - - -
ਖੂਹੇ 'ਚ ਡੋਲ ਕੇ ਥੇਤਖਾਂ ਤੇ ਕੁਕੜੀਆਂ, ਕਰਦੇ ਕੁਗਲੀਆਂ।
ਉਹ ਵੀ ਕਦੇ ਗਿਆ ਹੈਂ ਨਾਨਕੇ,
ਮਾਇਆ ਈ ਮਾਸੀਆਂ, ਮਾਮੀਆਂ ਦੀਆਂ ਮੋਦੀਆਂ ਦਾ ਲਿੱਖ।
ਪਤਾ ਈ ਚਾਚੀਆਂ, ਤਾਈਆਂ ਤੇ ਫੁਫੀਆਂ ਦਾ ਹਿਰਖ ਕੀ ਹੁੰਦੈ।
ਉਹ ਵੀ ਚਸੂਰੀ ਦੇਸ਼ ਨੈਗ਼ਮੇ ਦੀ ਕਬਰੇ
ਤੇ ਪੈਂਦੀਆਂ ਰਸਮਾਂ।
ਤੱਕਿਆ ਈ, ਕਦੀ ਉਹ ਤਮਾਸ਼ਾ ਪੁਤਲੀਆਂ ਦਾ
ਤੇਰੀ ਖ਼ਾਮੋਸ਼ੀ ਦੱਸਦੀ ਹੈ,
ਤੂੰ ਸਾਰੇ ਦਾ ਸਾਰਾ ਸ਼ਹਿਰ ਹੋ ਗਿਆਂ ਹੈਂ।
ਕਿਸੇ ਲਈ ਸ਼ੈਅਦ ਹੋ ਗਿਆਂ ਹੈਂ।
ਕਿਸੇ ਲਈ ਜ਼ਹਿਰ ਹੋ ਗਿਆਂ ਹੈਂ।
ਲੈਜ਼ਲ ਥੋਲ ਦੀ ਖ਼ੁਰ ਤੇ ਰੁੱਤੇ ਦੀ ਥਾਂ।
ਟ੍ਰੈਕਟਰ ਦੇ ਰੌਲੇ 'ਚ ਗੁੰਮ, ਥੋਲਦਾ ਗਲ ਟੱਲੀਆਂ ਦੀ ਆਵਾਜ਼
ਅੱਖਾਂ 'ਚ ਥੋਲਦੀ ਕੋਇਲ ਇੱਕ ਪੁਨ ਪਛਮ ਦੀ।
ਰੁਤ 'ਚ ਸੁਣੀ ਰੁੱਤੀ ਦੇ ਕਤੂਰੇ ਪੁਰਕਦੇ,
ਅੱਖਾਂ ਖੁਲਣ ਤੋਂ ਪਹਿਲਾਂ ਮੇਰੇ ਨਿੱਕੇ ਨਿੱਕੇ ਹੱਥ।
ਜੋ ਬਣ ਆਏ ਸਨ ਫੁਸਣ ਰੇਸ਼ਮੀ, ਉਹਨਾਂ ਦੇ ਗੰਲ
ਉਹਨਾਂ ਹੱਥਾਂ ਤੇ ਬਦ-ਕਿਸਮਤ, ਲਕੀਰਾਂ ਦੇ ਦਾਗ ਫੁੱਟ ਗਨ।
ਇੱਕ ਦਾਗ ਦੀ ਟੱਕਰ ਤੇ ਹਮਿਆੜਾ।
ਇੱਕ ਦਾਗ ਦੀ ਟੱਕਰ ਤੇ ਹਿਆਤਲ ॥
ਤੀਜਾ ਇੱਕ ਨਾਂ ਹੈ ਤੇਰਾ,
ਜੇ ਗੁੱਸਾ ਨਾਂ ਕਰੇਂ ਤਾਂ ਦੱਸ,
ਤੇਰੇ ਪਰ 'ਚ ਕਿਹੜਾ ਥਾਂ ਹੈ ਤੇਰਾ!!!
ਕੁੱਝ ਬੋਲ ਮੇਰਿਆ ਰੁਸਿਆ ਯਾਰਾ - - - - -
ਸਦਕੇ! ਉਏ ਕਿਲ ਦਰਿਆਈਆਂ ਤੇਰੀਆਂ।
ਸਿਰ ਤੇ ਸੂਰਜ ਤੇ ਗਲੀਆਂ ਹਨੇਰੀਆਂ।
ਤ੍ਰਿਵੈਣੀ ਹਿੰਦੂ, ਸਿੱਖ, ਮੁਸਲਿਮ ਦੀ ਸਦਾ ਵਸਦੀ ਰਹੇ।
ਤੇਰੀ ਰੰਗੀਨ ਉਮਰ ਦੇ ਪਹਿਲੂ ਸਦਾ ਦਸਦੀ ਰਹੇ।
ਪੂਰਨ ਜਿਹੇ ਪੂਰਨ ਨੂੰ ਮੋਈ ਵਿੱਚ ਖੜਾਵਣ ਵਾਲਿਆ,
ਸ਼ਿਵ ਜਿਹੇ ਕੁਕਨੂਸ ਨੂੰ ਖ਼ੂਹਾ ਚੜਾਵਣ ਵਾਲਿਆ।
ਕੁਕਨੂਸ ਤੇਰੇ ਰਾਹਾਂ ਦੀਪਕ ਨੂੰ ਸਦਾ ਗਾਉਂਦੇ ਰਹਿਣ,
ਖ਼ਾਕ ਹੋ ਕੇ ਰਾਹਨੀ ਦੀ ਰਾਹ ਹੋ ਜਾਵੇ ਰਹਿਣ।

ਬਾਕੀ ਸਫ਼ਾ 16 ਤੇ

# HIMALAYA RESTAURANT LTD.

6595 Main Street — Phone: 324-6514
2313 Main Street, (LICENSED PREMISES) — Phone: 876-2911
VANCOUVER, B.C.



KEWAL SINGH PABLA

# PABLA'S VIKING INN

**828 East Hastings**

**Call 324 - 6514**



JAGMOHAN SINGH PABLA

**Mesu, Patisa, Besan, Barfi, Gajarpack, Laddo, Padha, Gulab Jamun, Rasgoole, Badana, Jalebi, Amratiyan, Shakerpare, Namkeen Bhujiya and many many more.**

## ਮਠਿਆਈ ਦੀ ਮਸ਼ਹੂਰ ਦੂਕਾਨ

---

# S&S Insurance SERVICES

(FORMERLY KINGSGATE INSURANCE)

**6679 MAIN STREET - 2nd FLOOR (at 51st. Ave)**

**VANCOUVER, B.C.**

TEL: 324-2311

**GET YOUR Autoplan AND HOME INSURANCE**

ਕਾਰਾਂ ਟਰੱਕਾਂ ਤੇ ਵੈਨਾਂ ਦੀ ਇਨਸ਼ੋਰੈਂਸ ਦੇ ਲਈ ਹੁਣੇ ਹੀ ਸਾਡੇ ਦਫਤਰ ਆਓ ਅਤੇ ਰਸ਼ ਤੋਂ ਬਚੋ। ਚੰਗੀ ਸਰਵਿਸ ਤੇ ਤਜਰਬੇਕਾਰ ਸਲਾਹ ਹਾਸਲ ਕਰੋ। ਅਸੀਂ ਇਨਕਮ ਟੈਕਸ ਸਬੰਧੀ ਆਪ ਦੀਆਂ ਲੋੜਾਂ ਵੀ ਪੂਰੀਆਂ ਕਰਾਂਗੇ

***Enquire about Added Autoplan Protection Benefits from us:***

- UNDER INSURED MOTORIST PROTECTION
- INCOME REPLACEMENT
- LOSS OF USE
- FREE AUTOPLAN MOTORIST KIT

***Income Tax Services also available***

ਜਿਊਂਦਾ ਰਹੇ ਵਾਰਿਸ ਤੇਰਾ, ਪੀਲੂ, ਫਜ਼ਲ, ਹਾਸ਼ਮ ਤੇਰਾ ਬੁੱਲ੍ਹਾ ਤੇਰਾ,
ਨੂਰਪੁਰੀ, ਮੋਹਨ ਤੇਰਾ ਪਿਆਰਾ ਜਿਹਾ ਬਾਵਾ ਤੇਰਾ।
ਲੈਂਦੀਆਂ ਬਾਹਾਂ ਨਾਲ ਨਾਨਕ,
ਫਰੀਦ ਨੂੰ ਮਿਲਦਾ ਰਹੇ।
ਗੀਤ ਤੇਰੀ ਜਿਊਂਦਾ ਰਹੇ,
ਕਲਮ ਤੋਂ ਤਲਵਾਰ ਤੱਕ ਜਿਉਂਦਾ ਰਹੇ।

o o o



# ਸੰਭਾਵਨਾ

ਗੁਰਦੀਪ ਇੱਕਲਵੀ

ਧੁਆਂਖਿਆ ਅਕਾਸ਼ ਤੇ
ਵਿੱਚ ਅੰਧੇਰੇ ਉਧਰ, ਉਧਰੋਂ ਅੰਦਰ
ਤੁਰਦੇ ਫਿਰਦੇ ਸਿਆਹ ਕਾਲੇ ਪੰਛੀ,
ਫਿਰ ਵੀ ਖੁਸ਼ੀ ਵਿੱਚ ਮਸਤ!
ਚੋਗਦੀ ਹਵਾ 'ਚ ਝੜ ਰਹੇ ਪੱਤਿਆਂ ਤੇ
ਦਰਖ਼ਤ ਦਾ ਕੀ ਵਸ?
ਟਹਿਣੀ ਤੇ ਬੈਠ ਚੀਕਦਾ ਪੰਛੀ-
ਉੱਡਿਆ, ਤਾਂ ਖੜਿ ਕੇ ਅੱਧ ਪੀਲਾ ਪੱਤਾ ਵੀ ਡਿੱਗ ਪਿਆ
ਅਣਹੋਣੀ ਮੌਤ ਵਾਂਗ।
ਕਮਰੇ 'ਚ ਚੁੱਪ ਬੈਠੇ ਮਨੁੱਖ ਦੀ ਇਕੱਲਤਾ
ਵੀ ਅਣਹੋਣੀ ਜਿਹੀ।
ਕਿਤਨਾ ਹੋਰ ਸਮਾਂ ਚਾਹੀਦੈ?
ਮਿੱਟੀ ਦੇ ਬੁੱਤਾਂ ਨੂੰ ਧੁਆਂਖੇ ਚੱਕਰ ਤੱਕ ਅਪਣਾਨ ਲਈ
ਕਦੋਂ ਮਜ਼ਦੂਰ ਹੋਏਗਾ?
ਜਿਸ ਮਾਲਕ ਦਾ ਵੀ ਕੇ ਰੋਣਕ ਫਿਰਾ-
ਸਰਕਦੀ ਸ਼ਾਮ ਵਿੱਚ ਕਾਲੇ ਪੰਛੀ,
ਫਿੱਕੇ ਪੈ ਰਹੇ,
ਕ੍ਰਾਂਤੀ ਦਾ ਧਾਰ ਗੀਤ ਗੁਣਗੁਣਾਉਂਦੇ ਹਨ ਸ਼ਾਇਦ –

o o o

# ਕੈਬਨ ਸਾਥੀ

ਸਰਵਨ ਬੋਲ

ਮੇਰੇ ਸਾਥੀ
ਮੈਂ ਜਦ ਵੀ ਤੇਰੇ ਕੈਬਨੀ ਆਉਂਦਾ ਹਾਂ
ਮੇਰੇ ਅੰਦਰ
ਇੱਕ ਆਸ ਹੁੰਦੀ ਹੈ
ਅਥਾਹ ਮੋਹ ਹੁੰਦਾ ਹੈ
ਇੱਕ ਮਾਂ ਪਿਉ, ਭੈਣ-ਭਰਾ ਤੇ ਹਮਜਮਾਤੀ
ਦਾ ਪਿਆਰ ਹੁੰਦਾ ਹੈ
ਜੋ ਤੇਰੇ ਤੇ ਮੇਰੇ ਵਿਚਾਲੇ
"ਅੰਨਦਾਤਾ" ਦਾ ਪਰਦਾ ਪਾਈ
ਸਾਨੂੰ ਘੁਣ ਵਾਂਗ ਹੈ ਜਾਂਦਾ ਖਾਈ
ਉਸਦਾ ਪਰਦਾ ਫਾਸ਼ ਕਰਨ ਲਈ
ਮੈਂ ਤੇਰਾ ਸਾਥ ਲੈਣ ਆਉਂਦਾ ਹਾਂ
ਮੈਨੂੰ ਯਾਦ ਹੈ
ਤੇਰੀ ਤੇ ਮੇਰੀ "ਅਣਖੀ ਕੌਮ ?!" 'ਤੇ
ਉਸ ਤਲਵਾਰ ਤੇ
ਜੋ ਹਰ ਜ਼ੁਲਮ ਦਾ ਤੁਖ਼ਮ ਉਡਾਣ ਲਈ
ਵਰਤੀ ਸੀ
ਤੇਰੇ ਤੇ ਮੇਰੇ ਸ਼ਹਿਨਸ਼ਾਹ
ਤੇ ਅੱਜ
ਫੇਰ ਜਦ ਮੈਂ
ਤੇਰੇ ਕੈਬਨ ਦੇ ਬੂਹੇ ਤੇ ਪਰਤਿਆ ਹਾਂ
ਤਾਂ
ਲਫ਼ਜ਼ ਕੰਬਦੇ ਹਨ
ਪੈਰ ਉਖੜਦੇ ਹਨ
ਮੇਰਾ ਪੱਥਰ ਇਰਾਦਾ
ਇੱਕ ਸਵਾਲ ਬਣਦਾ ਹੈ ਤੇ
ਮੈਂ ਹੋਕਾ ਲਾਉਣ ਤੋਂ ਡਰਦਾ ਹਾਂ
ਕਿਤੇ ਤੇਰੇ ਮਾਲਕ ਨੇ
ਸਟੈਂਪਾਂ ਦਾ ਜਾਦੂ ਦਿਖਾ
ਤੇਰੀ ਅਣਖ ਦਾ ਕਤਲ ਤਾਂ ਨਹੀਂ ਕਰ ਦਿੱਤਾ
ਤੇ ਤੂੰ ਸਿਆਲ ਨੂੰ ਆਉਣ ਵਾਲੀਆਂ ਚੈੱਕਾਂ ਦੀ ਆਸ 'ਚ
ਆਪਣਾ ਸੱਭ ਕੁਝ ਤਾਂ ਨਹੀਂ ਵੇਚ ਬੈਠਾ।

o o o

# ਚਿਹਰੇ

ਅਮਰੀਕ 'ਪਲਾਹੀ'

ਛੁਪਦੇ ਨਹੀਂ ਇਹ ਰੰਗੇ ਚਿਹਰੇ।
ਇੱਕ ਦਿਨ ਹੋਣੇ ਨੰਗੇ ਚਿਹਰੇ।
ਦਿਸੇ ਤਾਂ ਜਾਪਣ ਪਾਕ ਪਵਿੱਤਰ,
ਰਾਤ ਨੂੰ ਗੰਦੇ ਗੰਦੇ ਚਿਹਰੇ।
ਸਾਊ ਆਪਣੇ ਬਣ ਕੇ ਆਖੂ,
ਕੰਮ ਨਹੀਂ ਆਉਣੇ ਐਸੇ ਚਿਹਰੇ।
ਹਸਰਤ ਦੇ ਹਰਜਾਨੇ ਭਰ ਭਰ,
ਹੋ ਗਏ ਰੰਗ ਬਰੰਗੇ ਚਿਹਰੇ।
ਔਹ ਲੋਕਾਂ ਦਾ ਹੱਕ ਲਿਤਾੜ ਕੇ,
ਕਰਦੇ ਦਾਨ ਲਫੰਗੇ ਚਿਹਰੇ।
ਖਿੱਚ ਖਿੱਚ ਤੱਕਦੇ ਜਸ਼ਨ ਆਜ਼ਾਦੀ
ਚਿੱਤ ਭੁੱਖੇ ਤਨ ਨੰਗੇ ਚਿਹਰੇ।
ਧਰਮ ਰੱਬ ਦੀ ਝੋਲੀ ਪਾ ਕੇ,
ਛਾਂ ਲਈ ਕਰਦੇ ਦੰਗੇ ਚਿਹਰੇ।

o o o

# ਹੁੰਮਸ

ਪ੍ਰੇਮ ਗੋਰਖੀ

ਸ਼ਹਿਰ ਦੀਆ ਸਭ ਸੜਕਾਂ ਚੁੱਪ-ਮਰੀਆਂ ਪਈਆਂ ਹਨ। ਉਚ ਤ ਛਟੇ ਮਕਾਨਾਂ ਦੀਆਂ ਕੰਧਾਂ ਰੋ ਰਹੀਆਂ ਹਨ। ਲੋਕ ਮੁਰਝਾਏ ਹੋਏ ਚਿਹਰਿਆਂ ਨੂੰ ਧੂੰਹਦੇ ਹੋਏ ਆ ਤੇ ਜਾ ਰਹੇ ਹਨ। ਹਵਾ ਹੈ ਜੋ ਰੁਕੀ ਹੋਈ ਹੈ। ਸਿਰਫ ਅਫਵਾਹਾਂ ਹਨ, ਜੋ ਮੋਟਰ-ਗੱਡੀਆਂ ਵਾਂਗ ਤੇਜ਼ ਚੱਲ ਰਹੀਆਂ ਹਨ। ਸ਼ਹਿਰ ਬਹੁਤ ਉਦਾਸ ਹੈ। ਕੁਝ ਬੇਜ਼ੁਬਾਨ ਪਸ਼ੂ ਹਨ, ਜਿਹਨਾਂ ਨੂੰ ਕਤਲ ਕਰਕੇ ਉਹਨਾਂ ਨੂੰ ਜ਼ੁਬਾਨ ਦਿੱਤੀ ਜਾ ਰਹੀ ਹੈ। ਪੁਲੀਸ ਹੈ ਜੋ ਸਿਰਫ ਦੌੜ ਰਹੀ ਹੈ, ਕਦੇ ਇਕ ਧਰਮ ਸਥਾਨ ਵੱਲ ਕਦੇ ਦੂਸਰੇ ਵੱਲ। ਇਸ ਨੂੰ ਕਿਸ ਦੀ ਤਲਾਸ਼ ਹੈ। ਕਿਤੇ ਕੁਝ ਵੀ ਨਹੀਂ ਹੈ। ਬਸ ਅੱਗ ਹੀ ਅੱਗ ਹੈ। ਪਾਣੀ, ਅਨਾਜ, ਰੇਤਾ...ਸਭ ਕੁਝ ਹੀ ਸਥਿਰ ਹੈ। ਕੁਝ ਅਖ਼ਬਾਰ ਹਨ ਜੋ ਸੱਪਾਂ ਵਾਂਗ ਡੰਗ ਮਾਰਦੇ ਹਨ। ਕੁਝ ਆਵਾਜ਼ਾਂ, ਲੋਕ ਹਨ ਤੇ ਇੱਟਾਂ ਪੱਥਰ ਹਨ ਜਾਂ ਫਿਰ ਸਰਦਾਰ ਸਰਗੋਧਾ ਸਿੰਘ ਹੈ।

ਸਰਗੋਧਾ ਸਿੰਘ ਰੋ ਨਹੀਂ ਰਿਹਾ, ਉਹ ਕਲਪਦਾ ਹੋਇਆ ਚੀਖ ਰਿਹਾ ਹੈ। ਸਰਗੋਧਾ ਸਿੰਘ ਦੀ ਆਵਾਜ਼ ਤੋਂ ਤ੍ਰਹਿੰਦੇ ਹੋਏ ਦੋਨੋਂ ਨੌਕਰ ਝਾੜੂ ਨਾਲ ਕੱਚ ਹੂੰਝ ਰਹੇ ਹਨ। ਛਟ ਪਟਾਉਂਦਾ ਹੋਇਆ ਸਰਗੋਧਾ ਸਿੰਘ ਹੱਥਾਂ ਦੀਆਂ ਉਂਗਲਾਂ ਮਰੋੜਦਾ, ਉਂਗਲਾਂ ਤੇ ਦੰਦੀਆਂ ਵੱਢਦਾ ਦੁਕਾਨ ਦੇ ਅੰਦਰੇ ਅੰਦਰ ਕਦੇ ਅੱਗੇ ਵੱਲ ਵੱਧਦਾ ਹੈ ਕਦੇ ਪਿਛਾਂਹ ਨੂੰ ਦੌੜਦਾ ਹੈ। ਉਹ ਫ਼ੋਨ ਮਿਲਾਉਂਦਾ ਹੈ। ਹੱਫਿਆ ਹੋਇਆ ਹੈ। ਹੱਥ ਕੰਬ ਰਹੇ ਹਨ। ਜ਼ੁਬਾਨ ਥਥਲਾ ਰਹੀ ਹੈ। ਬਾਰ ਬਾਰ ਡਾਇਲ ਘੁਮਾਉਂਦਾ ਹੋਇਆ ਚੋਂਗੇ ਨੂੰ ਉਲਟ-ਪਲਟ ਕੇ ਦੇਖਦਾ ਹੈ ਤੇ ਤੇਜ਼ ਤੇਜ਼ ਬੋਲਦਾ ਹੈ:

"ਪੁਲੀਸ ਸਟੇਸ਼ਨ? ਕੀ ਆਖਿਆ ਸੂ ਅਨਾਥ ਆਸ਼ਰਮ ਐ। ਕਮਾਲ ਹੈ। ਮੈਂ ਤਾਂ ਪੁਲੀਸ ਸਟੇਸ਼ਨ ਮਿਲਾਇਆ ਸੂ। ਅਨਾਥ ਆਸ਼ਰਮ ਤਾਂ ਬਈ ਤਿੰਨ ਤਾਰੀਖ ਨੂੰ ਹੀ ਦਾਨ ਭੇਜ ਛੱਡਿਆ ਸੂ...ਕਮਾਲ ਹੈ ਬਈ।"

ਸਰਗੋਧਾ ਸਿੰਘ ਬੁਖਲਾਹਟ ਵਿਚ ਫ਼ੋਨ ਨੂੰ ਰੱਖਦਾ ਹੈ। ਉਹ ਉੱਚੀ ਉੱਚੀ ਬੋਲਦਾ ਹੋਇਆ ਨੌਕਰਾਂ 'ਤੇ ਵਰ੍ਹਨ ਲੱਗਦਾ ਹੈ:

"ਓਏ ਰਾਮ ਸਹਾਏ...ਪੂਰਨ ਚੰਦ, ਬਈ ਫ਼ੋਨ ਨੂੰ ਕੀ ਹੋ ਗਿਐ...ਕੁੱਤੀ ਦਿਓ ਪੁੱਤਰੋ...ਓਏ ਹਰਾਮ ਜ਼ਾਦਿਓ ...ਕਮਾਲ ਹੈ ਫ਼ੋਨ ਖ਼ਰਾਬ ਸੂ.. ਪੁਲੀਸ ਸਟੇਸ਼ਨ ਫ਼ੋਨ ਨਹੀਂ ਮਿਲ ਰਿਹੈ, ਪਰ ਅਨਾਥ ਆਸ਼ਰਮ ਮਿਲ ਰਿਹਾ ਸੂ...ਬੇੜਾ ਗ਼ਰਕ ਹੋ ਜਾਏ ਤੁਹਾਡਾ ਨਾਲੇ ਐਕਸਚੇਂਜ ਵਾਲਿਆ ਦਾ।"

ਕੋਈ ਵੀ ਨੌਕਰ ਮੂੰਹੋਂ ਨਹੀਂ ਬੋਲ ਰਿਹਾ। ਉਹਨਾਂ ਦੀਆਂ ਅੱਖਾਂ ਡਰੀਆਂ ਹੋਈਆਂ ਕੁਝ ਕਹਿ ਰਹੀਆਂ ਨੇ। ਇਕ ਨੌਕਰ ਦੇ ਦੋਹਾਂ ਹੱਥਾਂ 'ਚੋਂ ਲਹੂ ਵਹਿ ਰਿਹਾ ਸੀ। ਕੱਚ ਵੀ ਤਾਂ ਕਿੰਨੀ ਬੁਰੀ ਤਰ੍ਹਾਂ ਸਾਰੀ ਦੁਕਾਨ ਵਿਚ ਖਿੰਡਿਆ ਪਿਆ ਹੈ। ਸਾਰਾ ਸ਼ੋ ਕੇਸ ਬਰਬਾਦ ਕਰ ਗਏ ਉਹ ਫਸਾਦੀ ਮੁੰਡੇ। ਪੱਥਰ ਵੀ ਕਿਵੇਂ ਉਹਨਾਂ ਮੀਂਹ ਵਾਂਗ ਵਰ੍ਹਾਏ ਸਨ। ਉਹਨਾਂ ਤਾਂ ਅੱਗ ਲਾਉਣ ਦੀ ਵੀ ਪੂਰੀ ਕੋਸ਼ਿਸ਼ ਕੀਤੀ ਸੀ, ਪਰ ਨੌਕਰਾਂ ਨੇ ਫੁਰਤੀ ਨਾਲ ਸ਼ਟਰ ਹੇਠਾਂ ਸੁੱਟ ਦਿੱਤੇ ਤਾਂ ਬਚਾਅ ਹੋ ਗਿਆ। ਚਲੋ ਜਿਹੜੇ ਚਾਰ-ਛੇ ਕਪੜੇ ਦੇ ਥਾਨ ਬਾਹਰ ਪਏ, ਉਹ ਮੁੰਡੇ ਚੁੱਕ ਕੇ ਲੈ ਗਏ, ਕੋਈ ਵੱਡੀ ਗੱਲ ਨਹੀਂ। ਇੰਨੇ ਕੁ ਨਾਲ ਸਰਗੋਧਾ ਸਿੰਘ ਐਂਡ ਸੰਨਜ਼ ਨੂੰ ਕੀ ਫਰਕ ਪੈਂਦਾ ਹੈ। ਪਰ ਉਸ ਘੜੀ ਸਰਗੋਧਾ ਸਿੰਘ ਬਹੁਤ ਡਰ ਗਿਆ ਸੀ। ਜਿਉਂ ਹੀ ਲੰਘਦੇ ਜਾਂਦੇ ਜਲੂਸ 'ਚੋਂ ਕੁਝ ਪੱਥਰ ਸ਼ੋ ਕੇਸ ਨੂੰ ਆ ਕੇ ਵੱਜੇ ਸਨ, ਸਰਗੋਧਾ ਸਿੰਘ ਗੱਲੇ ਕੋਲੋਂ ਉਠ ਕੇ ਪਿਛਾਂਹ ਵੱਲ ਦੌੜਿਆ ਸੀ। ਉਹ ਇਧਰ ਉਧਰ ਲੁਕਣ ਲਈ ਕੋਈ ਥਾਂ ਲੱਭਣ ਲੱਗਾ। ਪਰ ਦੁਕਾਨ ਦੇ ਅੰਦਰ ਕੋਈ ਐਸੀ ਥਾਂ ਨਹੀਂ ਸੀ। ਅਖੀਰ ਉਹ ਕਾਹਲੀ ਨਾਲ ਫੱਟਿਆਂ ਹੇਠਾਂ ਜਾ ਵੜਿਆ ਸੀ। ਮੁੜ ਜਦੋਂ ਗੁੱਝੀ ਹਾਸੀ ਹੱਸਦਿਆਂ ਨੌਕਰਾਂ ਨੇ ਸ਼ਟਰ ਉਪਰ ਚੁੱਕੇ ਸਨ ਤਾਂ ਸਰਗੋਧਾ ਸਿੰਘ ਜ਼ਰਦ ਮੂੰਹ ਲਈ ਬਾਹਰ ਨਿਕਲਿਆ ਸੀ। ਉਹਨੇ ਨੀਝ ਨਾਲ ਖਖੜੀਆਂ ਹੋਏ ਆਦਮ ਕੱਦ ਸ਼ੋ ਕੇਸ ਵੱਲ ਦੇਖਿਆ, ਗਾਇਬ ਹੋਏ ਕਪੜੇ ਦੇ ਥਾਨਾਂ ਵਾਲੀ ਖਾਲੀ

→

ਹਰ ਪ੍ਰਕਾਰ ਦੀ ਜਾਇਦਾਦ ਵੇਚਣ ਜਾਂ ਖ਼ਰੀਦਣ ਲਈ
ਅਮਰੀਕ ਸੱਲ ਨੂੰ ਮਿਲੋ।

FOR ALL YOUR REAL ESTATE NEEDS
RESIDENTIAL — COMMERCIAL — INVESTMENTS
CONTACT:
AMRIK SULL
PAGER: 3748-687-7711

Century 21®

PH. BUSINESS: 582 - 2211
RESIDENCE: 581 - 6692
10667 - 135A ST., SURREY, B.C. V3T 4E3



AMRIK SULL

ਥਾਂ ਨੂੰ ਘੂਰਿਆ ਤੇ ਫਿਰ ਉਚੀ ਉਚੀ ਬੋਲਣ ਲੱਗ ਪਿਆ।

ਸਰਗੋਧਾ ਸਿੰਘ ਦੀ ਦੁਕਾਨ ਮਾਰਕੀਟ ਦੀ ਸਭ ਤੋਂ ਵੱਡੀ ਦੁਕਾਨ ਹੈ। ਹਜ਼ਾਰਾਂ ਦਾ ਕਾਰੋਬਾਰ ਹੈ ਇਕ ਦਿਨ ਦਾ। ਸ਼ਹਿਰ ਵਿਚ ਸਰਗੋਧਾ ਸਿੰਘ ਦਾ ਨਾਂ ਹੈ। ਲੋਕਾਂ ਵਿਚ ਉਸ ਦਾ ਆਦਰ ਮਾਣ ਹੈ। ਪਰ ਸਰਗੋਧਾ ਸਿੰਘ ਮਹਿਸੂਸ ਕਰਦਾ ਹੈ, ਕੁਝ ਲੋਕ ਉਸ ਪ੍ਰਤੀ ਚੰਗੀ ਨਜ਼ਰ ਨਹੀਂ ਰਖਦੇ। ਉਹਨਾਂ ਲੋਕਾਂ ਵਿਚ ਹੀ ਉਹ ਗੋਇਲ ਭਰਾਵਾਂ ਨੂੰ ਗਿਣਦਾ ਹੈ। ਦਰਅਸਲ ਗੋਇਲ ਭਰਾਵਾਂ ਤੇ ਸਰਗੋਧਾ ਸਿੰਘ ਵਿਚਕਾਰ ਵਪਾਰਕ ਪੱਧਰ 'ਤੇ ਟੱਕਰ ਹੈ। ਦੋਹਾਂ ਪਾਰਟੀਆਂ ਦਾ ਇਕੋ ਕਾਰੋਬਾਰ ਹੈ। ਅੱਜ ਕੱਲ੍ਹ ਕਿਉਂਕਿ ਹਰ ਚੀਜ਼ ਹੀ ਸਿਆਸਤ ਨਾਲ ਬੱਝੀ ਹੋਣ ਕਰਕੇ ਰਾਜਸੀ ਲੋਕਾਂ ਦਾ ਮੋਢਾ ਫੜਨਾ ਪੈਂਦਾ ਹੈ, ਸੋ ਸਰਗੋਧਾ ਸਿੰਘ ਤੇ ਗੋਇਲ ਭਰਾਵਾਂ ਕੋਲ ਅਲੱਗ ਅਲੱਗ ਪਾਰਟੀ ਨੇਤਾਵਾਂ ਦੇ ਮੋਢੇ ਮੌਜੂਦ ਹਨ। ਸਹੀ ਗੱਲ ਤਾਂ ਉਲਟ ਹੈ ਕਿ ਰਾਜਸੀ ਲੋਕ ਦੋਹਾਂ ਮੋਢਿਆਂ ਦੇ ਜ਼ੋਰ 'ਤੇ ਵਰਤ ਰਹੇ ਹਨ। ਦੋਹਾਂ ਕੋਲ ਪੈਸਾ ਹੈ, ਪੈਸੇ ਅੰਦਰ ਤਾਕਤ ਹੈ। ਆਪਣੀ ਆਪਣੀ ਤਾਕਤ ਨੂੰ ਹਰ ਕੋਈ ਆਪਣੇ ਰਾਹ ਦੇ ਕੰਡੇ ਨੂੰ ਖਤਮ ਕਰਨ ਲਈ ਵਰਤ ਰਿਹਾ ਹੈ। ਸਰਗੋਧਾ ਸਿੰਘ ਸਿਰਫ਼ ਗੋਇਲ ਭਰਾਵਾਂ ਬਾਰੇ ਸੋਚ ਰਿਹਾ ਹੈ। ਉਹ ਪੁਲੀਸ ਸਟੇਸ਼ਨ ਕੇਸ ਦਰਜ ਕਰਾਉਣਾ ਚਾਹੁੰਦਾ ਹੈ, ਪਰ ਫੋਨ ਹੀ ਨਹੀਂ ਮਿਲ ਰਿਹਾ। ਤਿਲਮਿਲਾਉਂਦਾ ਹੋਇਆ ਉਹ ਮੁੜ ਫੋਨ ਚੁੱਕਦਾ ਹੈ।

"ਪੁਲੀਸ ਸਟੇਸ਼ਨ ?...ਕੀ ਗੁਲਾਬ ਕੌਰ ਬੋਲ ਰਹੀ ਹੈਂ......ਕਮਾਲ ਹੈ...ਮੈਂ ਪੁਲੀਸ ਸਟੇਸ਼ਨ ਗੱਲ ਕਰਨੀ ਚਾਹੁੰਦਾ ਹਾਂ ... ਬੇਵਕੂਫ ਐਸ. ਪੀ. ਫੋਨ ਵੀ ਨਹੀਂ ਚੁੱਕ ਰਿਹਾ...ਪਤਾ ਨਹੀਂ ਕੀ ਹੋ ਗਿਆ ਸੂ... ਕਮਾਲ ਹੈ! ਕੀ ਪੁੱਛਦੀ ਏਂ ਕੀ ਹੋ ਗਿਆ...ਤੈਨੂੰ ਨਹੀਂ ਪਤਾ...ਕਮਾਲ ਹੈ ਬਈ...ਇਥੇ ਦੁਕਾਨ ਫਨਾਹ ਹੋ ਗਈ ਸੂ, ਪੱਥਰ ਮਾਰ ਮਾਰ ਕੇ ਸਭ ਕੁਝ ਬਰਬਾਦ ਕਰ ਗਏ ਸੂ ਜਲੂਸ ਵਾਲੇ...। ਮੈਨੂੰ ਪਤਾ ਜੇ ਇਹ ਜਲੂਸ ਵਾਲੇ ਕੌਣ ਨੇ...। ਧਰਮ ਦੇ ਨਾਂ 'ਤੇ ਸਭ ਪਾਖੰਡ ਚੱਲ ਰਿਹਾ ਸੂ...ਇਹ ਸਭ ਬਾਣੀਆਂ ਦੀ ਸ਼ਰਾਰਤ ਜੇ... ...ਕੋਈ ਪ੍ਰਵਾਹ ਨਈਂ ... ਤੁਸੀਂ ਕੋਈ ਫਿਕਰ ਨਾ ਕਰਨਾ, ਮੈਂ ਸਭ ਠੀਕ ਕਰ ਦੇਸਾਂ...। ...ਕੀ ਆਖਿਆ ਈ...ਨਈਂ ਨਈ। ਤੁਸੀਂ ਮੇਰੀ ਪੁਲੀਸ ਸਟੇਸ਼ਨ ਗੱਲ ਕਰਵਾਓ... ਕੌਣ ? ਥਾਣੇਦਾਰ ? ...ਉਸ ਦੀ ਕੀ ਮਜਾਲ ਏ...ਉਹ ਚੀਜ਼ ਈ ਕੀ ਏ।... ਹਾਂ ਕੌਣ ਜੇ ? ਗੁੱਡੀ ਕਾਲਜੋਂ ਨਈਂ ਪਰਤੀ ? ਉਹ ਬੇਵਕੂਫ ਦੇ ਪੁੱਤਰ ਦੋਨੋਂ ਨਈਂ ਮੁੜੇ ? ਕਮਾਲ ਹੈ... ਦੋਨੋਂ ਇਕੱਠੇ ਦਫ਼ਾ ਹੁੰਦੇ ਨੇ। ਪਤਾ ਨਈਂ ਕਿਥੇ ਮਰ ਖੱਪ ਗਏ ਨੇ। ...ਦੇਖ ਲੈ ਇਹੋ ਜੇ ਨੇ ਤੇਰੇ ਪੁੱਤਰ....। ਮੈਨੂੰ ਕੋਈ ਛੁਰਾ ਘੋਂਪ ਜਾਏਗਾ ਤਾਂ ਮੁੜ ਆ ਜਾਣਗੇ। ਕੌਣ ਘੋਂਪੇਗਾ ? ਕਮਾਲ ਹੈ...ਤੂੰ ਵੀ ਅਜੀਬ ਔਰਤ ਐਂ...ਛੁਰੇ ਦੀ ਕੀ ਗੱਲ ਕਰਦੀ ਸੂ, ਇਥੇ ਤਾਂ ਬੰਦਾ ਈ ਖਪਾ ਲਿਆ ਜਾਂਦਾ ਏ...। ਅੱਛਾ ਇਹ ਬਕਵਾਸ ਬੰਦ ਕਰ ਤੇ ਮੈਨੂੰ ਪੁਲੀਸ ਸਟੇਸ਼ਨ...." ਸਰਗੋਧਾ ਸਿੰਘ ਡੌਰ-ਭੌਰ ਹੋਇਆ ਬਾਹਰ ਵੱਲ ਦੇਖਦਾ ਹੈ। ਦੁਬਾਰਾ ਫਿਰ ਫੋਨ 'ਤੇ ਨੰਬਰ ਮਿਲਾਉਣ ਲੱਗਦਾ ਹੈ। ਚੋਂਗਾ ਪਟਕਾ ਕੇ ਮਾਰਦਾ ਹੈ। ਸਾਹ ਚੜ੍ਹਿਆ ਹੋਇਆ ਹੈ। ਨੌਕਰ ਦੌੜ ਕੇ ਪਾਣੀ ਦਾ ਗਲਾਸ ਲਿਆਉਂਦਾ ਹੈ। ਪਰ ਸਰਗੋਧਾ ਸਿੰਘ ਝਿੜਕ ਲੈ ਕੇ ਪੈਂਦਾ ਹੈ, "ਮੇਰੇ ਸਿਰ ਵਿਚ ਪਾ ਦੇ।"

ਨੌਕਰ ਇਹ ਸੁਣ ਕੇ ਨਜ਼ਰ ਤਿਰਛੀ ਕਰਕੇ ਝਾੜੂ ਵਾਲੇ ਸਾਥੀ ਵੱਲ ਦੇਖਦਾ ਹੈ। ਦੋਨੋਂ ਨਜ਼ਰ ਮਿਲਾ ਕੇ ਥੋੜਾ ਜਿਹਾ ਮੁਸਕਰਾਉਂਦੇ ਹਨ।

ਸਰਗੋਧਾ ਸਿੰਘ ਬਾਹਰ ਸੜਕ 'ਤੇ ਆ ਜਾਂਦਾ ਹੈ। ਸਾਰਾ ਬਜ਼ਾਰ ਬੰਦ ਹੈ। ਚੁੱਪ ਸਾਜ਼ਿਸ਼ ਭਰੇ ਤਣਾਓ ਵਿਚ ਮੌਜੂਦ ਹੈ। ਸਿਰਫ ਬਿਜਲੀ ਦੀ ਤਾਰ ਨਾਲ ਝੂਲ ਰਿਹਾ ਪਤੰਗ ਫੜ ਫੜਾ ਰਿਹਾ ਹੈ। ਦੋ ਚਾਰ ਕਬੂਤਰ ਸੜਕ ਵਿਚਕਾਰ ਬੈਠੇ ਚੋਗਾ ਚੁਗ ਰਹੇ ਹਨ। ਮੋਮੀ ਕਾਗਜ਼ ਦੇ ਟੁਕੜੇ ਸੜਕ ਦੇ ਵਿਚਕਾਰੋਂ ਉੱਡਦੇ ਹੋਏ ਦੁਕਾਨਾਂ ਦੇ ਫੱਟਿਆਂ ਹੇਠ ਘੁਸ ਰਹੇ ਹਨ। ਚੌਕ ਵਿਚ ਪੁਲੀਸ ਦੀ ਗੱਡੀ ਖੜੀ ਹੈ। ਨੇੜੇ ਹੀ ਸਿਪਾਹੀ ਖੜੇ ਗੱਲਾਂ ਕਰਦੇ ਹੱਸਦੇ ਹਨ। ਸਰਗੋਧਾ ਸਿੰਘ ਨੂੰ ਮਹਿਸੂਸ ਹੁੰਦਾ ਹੈ ਜਿਵੇਂ ਗਾੜ੍ਹੇ ਧੂੰਏਂ ਦਾ ਬੱਦਲ ਜਿਹਾ ਉਹਦੇ ਦਿਲੋ-ਦਿਮਾਗ ਪਰ ਛਾਂਦਾ ਜਾ ਰਿਹਾ ਹੋਵੇ। ਉਹਨੂੰ ਜਾਪਣ ਲੱਗਦਾ ਹੈ, ਜਿਵੇਂ ਸਾਹ ਰੁੱਕ ਰਿਹਾ ਹੋਵੇ। ਉਹ ਕਾਹਲੀ ਨਾਲ ਪਿੱਛੇ ਘੁਮਦਾ ਹੋਇਆ ਉੱਚੀ ਅਵਾਜ਼ ਵਿਚ ਚੀਖਦਾ ਹੈ :

"ਗੱਡੀ ਕਿਥੇ ਸੂ...ਗੱਡੀ ਲਿਆਓ ਓਏ...ਦੁਕਾਨ ਬੰਦ ਕਰ ਦਿਓ...ਮੇਰੀ ਗੱਡੀ ਕਿਥੇ ਸੂ ? ...ਕਮਾਲ ਹੈ ਬਈ !"

"ਗੱਡੀ ਤਾਂ ਕੁਕੂ ਕੱਲ੍ਹ ਦਾ ਸ਼ਿਮਲੇ ਲੈ ਕੇ ਗਿਆ ਏ। ਭਾਪਾ ਜੀ ਤੁਸੀਂ ਅਰਾਮ ਕਰੋ...ਬੈਠ ਜਾਓ।" ਨੌਕਰ ਫਿਕਰਮੰਦ ਹੈ। ਡਰਿਆ ਹੋਇਆ ਹੈ। ਵਫ਼ਾਦਾਰ ਹੈ, ਸਹਿਮਿਆ ਹੋਇਆ ਹੈ। ਨੌਕਰ ਜੁ ਹੈ। ਉਸ ਦਾ ਮਾਲਕ ਮੁਸੀਬਤ ਵਿਚ ਹੈ—ਨੌਕਰ ਹੀ ਤਾਂ ਇਸ ਦਾ ਸਾਥ ਦੇਵੇਗਾ।

"ਕਮਾਲ ਹੈ ! ਗੱਡੀ ਇਥੇ ਨਈਂ ਜੇ...ਪੁਲੀਸ ਸਟੇਸ਼ਨ ਫ਼ੋਨ ਨਈਂ ਮਿਲ ਰਿਹਾ...ਕੁਕੂ ਉੱਲੂ ਦਾ ਪੱਠਾ ਕਿਥੇ ਗਿਆ ਸੂ ? ਉਹ ਸ਼ਿਮਲੇ ਕੀ ਕਰਨ ਗਿਆ ਏ ? ਉਸ ਬਦਮਾਸ਼ ਦੀ ਉਲਾਦ ਨੂੰ ਈ ਲੈ ਕੇ ਗਿਆ ਹੋਣੈ... ਉਹ ਇਸ ਨੂੰ ਖਾ ਰਹੀ ਏ...ਚੰਡਾਲ ਦੀ ਧੀ...। ਯਾਰ ਰਿਕਸ਼ਾ ਕਿਥੇ ਏ...ਰਿਕਸ਼ਾ ? ਰਿਕਸ਼ਾ ਵੀ ਨਹੀਂ ਏਂ... ਕਮਾਲ ਦੀ ਗੱਲ ਏ...ਸਭ ਲੋਕ ਕਿਥੇ ਤੁਰ ਗਏ ਨੇ... ਪੁਲੀਸ, ਗੱਡੀ, ਰਿਕਸ਼ਾ ਤੇ ਕੁਕੂ।"

"ਅਸੀਂ ਦੁਕਾਨ ਬੰਦ ਕਰਦੇ ਆਂ...ਤੁਹਾਨੂੰ ਘਰ ਛੱਡ ਆਉਂਦੇ ਆਂ...ਤੁਹਾਡੀ ਤਬੀਅਤ ਠੀਕ ਨਈਂ ਏਂ।"

"ਮੇਰੀ ਤਬੀਅਤ ਨੂੰ ਕੀ ਐ...ਕਮਾਲ ਹੈ...ਮੈਨੂੰ ਕੋਈ ਡਰ ਨਈਂ ਰਿਹਾ...ਪੁੱਤਰੋ ਮੈਂ ਤਾਂ ਵੀਹ ਜਣਿਆਂ ਨੂੰ

ਡਰਾ ਕੇ ਨਾ ਡਰਾਂ। ਮੈਂ...ਮੈਂ ਇਕੱਲਾ ਘਰ ਚਲਾ ਜਾਵਾਂਗਾ..." ਸਰਗੋਧਾ ਸਿੰਘ ਕਹਿ ਕੇ ਹੱਸਦਾ ਹੈ। ਪੱਗ ਨੂੰ ਸੁਆਰਦਾ ਹੈ। ਨੱਕ ਸਾਫ਼ ਕਰਕੇ ਬਾਹਰ ਥੁਕਦਾ ਹੈ। ਦਾਹੜੀ ਖੋਲ੍ਹ ਕੇ ਉਸ ਦੀ ਘੁੱਟ ਕੇ ਗੁੱਟੀ ਕਰਕੇ ਠੋਡੀ ਹੇਠ ਨੂੰ ਕਰਕੇ ਖਿੰਡੇ ਹੋਏ ਕੱਚ ਨੂੰ ਘੂਰਦਾ ਹੈ।

ਨੌਕਰ ਸ਼ਟਰ ਹੇਠਾਂ ਸੁਟਦੇ ਹਨ। ਦੁਕਾਨ ਬੰਦ ਕਰਕੇ ਉਹ ਤਿੰਨੋਂ ਤੇਜ਼ ਤੁਰਦੇ ਸਬਜ਼ੀ ਮੰਡੀ ਵੱਲ ਵਧਦੇ ਹਨ। ਕਿਤੇ ਕੁਝ ਨਹੀਂ ਹੈ । ਦੁਕਾਨਾਂ ਬੰਦ ਹਨ। ਕੁਝ ਇਕ ਥੜੇ ਉਪਰ ਚਿੰਤਾ 'ਚ ਡੁੱਬੇ ਬੈਠੇ ਹਨ। ਇਕ ਦਰੱਖਤ ਹੇਠ ਰਿਕਸ਼ਾ ਖੜਾ ਹੈ। ਨੌਕਰ ਦੇਖਦਾ ਹੈ ਰਿਕਸ਼ੇ ਵਾਲਾ ਉਸ ਵਿਚ ਸੁੱਤਾ ਪਿਆ ਹੈ। ਉਹ ਮੁੜਨ ਲੱਗਦਾ ਹੈ ਤਾਂ ਸਰਗੋਧਾ ਸਿੰਘ ਉਸ ਨੂੰ ਝਿੜਕ ਲੈ ਕੇ ਪੈਂਦਾ ਹੈ, "ਉਸ ਨੂੰ ਬੁਲਾ ਲੈ ਨਾ...ਮੁੜਦਾ ਪਿਆ ਸੂ ...ਉਸ ਨੂੰ ਗਲੋਂ ਫੜ ਕੇ ਧੂਹ ਲਿਆ।"

ਰਿਕਸ਼ੇ ਵਾਲਾ ਅਵਾਜ਼ ਸੁਣ ਕੇ ਉਠ ਖਲੋਂਦਾ ਹੈ। ਸਰਗੋਧਾ ਸਿੰਘ ਛਾਲ ਮਾਰ ਕੇ ਰਿਕਸ਼ੇ ਵਿਚ ਬੈਠ ਜਾਂਦਾ ਹੈ ਤੇ ਰਿਕਸ਼ੇ ਵਾਲੇ ਨੂੰ ਤੇਜ਼ ਚਲਣ ਲਈ ਜ਼ੋਰ ਪਾਉਣ ਲੱਗਦਾ ਹੈ। ਰਿਕਸ਼ਾ ਦੂਰ ਨਿਕਲ ਜਾਂਦਾ ਹੈ ਤਾਂ ਨੌਕਰ ਖੁਲ੍ਹ ਕੇ ਹੱਸਦੇ ਹਨ ਤੇ ਇਕ ਦੂਸਰੇ ਦਾ ਹੱਥ ਫੜੀ ਗਲੇ ਹੋਏ ਆਲੂਆਂ ਦੇ ਢੇਰ ਵੱਲ ਚਲੇ ਜਾਂਦੇ ਹਨ।

ਇਕ ਉਜਾੜ ਹੈ। ਦੂਰ ਤਕ ਰੇਤਾ ਹੀ ਰੇਤਾ। ਦਰੱਖ਼ਤ ਹਨ, ਕੋਈ ਘਰ ਨਹੀਂ ਹੈ। ਆਲਾ-ਦੁਆਲਾ ਸੁੰਨ ਹੈ। ਅੱਜ ਇਸ ਮੁਹੱਲੇ ਵਿਚ ਕਿਉਂ ਮਾਤਮ ਛਾਇਆ ਹੋਇਆ ਹੈ...ਸਭ ਘਰ ਦਰੱਖਤ ਹੀ ਕਿਉਂ ਜਾਪ ਰਹੇ ਹਨ। ਕੰਧਾਂ, ਸੜਕਾਂ, ਉੱਚੇ ਘਰ, ਬੂਹੇ ਬਾਰੀਆਂ...ਸਭ ਦਾ ਸਭ ਸ਼ਮਸ਼ਾਨਘਾਟ ਦਾ ਰੂਪ ਕਿਉਂ ਧਾਰੀ ਬੈਠਾ ਹੈ। ਸਰਗੋਧਾ ਸਿੰਘ ਰਿਕਸ਼ਾ 'ਚ ਭਾਵੇਂ ਪੱਥਰ ਬਣਿਆ ਬੈਠਾ ਹੈ ਪਰ ਸੋਚ ਰਿਹਾ ਹੈ। ਉਹ ਸੁੰਞੇ ਪਏ ਘਰਾਂ ਤੇ ਸੜਕ ਨੂੰ ਇਕ ਟੱਕ ਘੂਰ ਰਿਹਾ ਹੈ। ਇਕ ਸਿਰੇ ਤੋਂ ਦੂਜੇ ਸਿਰੇ ਤਕ ਮੌਤ ਦੀ ਸਫ਼ ਵਿਛੀ ਪਈ ਹੈ। ਅੱਜ ਇਕ ਵੀ ਮੰਜਾ ਸੜਕ 'ਤੇ ਨਹੀਂ ਹੈ—ਨਾ ਮੰਜਾ ਹੈ ਨਾ ਗਲੀ ਦੀਆਂ ਤ੍ਰੀਮਤਾਂ ਦਾ ਝੁਰਮਟ। ਕੋਈ ਵੀ ਬੱਚਾ ਸੜਕ ਉਪਰ ਖੇਡ ਨਹੀਂ ਰਿਹਾ। ਸਭ ਘਰਾਂ ਦੇ ਦਰਵਾਜ਼ੇ ਬੰਦ ਹਨ। ਮੋੜ ਉਪਰਲੀ ਸਰਕਾਰੀ ਟੂਟੀ ਵੀ ਬੰਦ ਪਈ ਹੈ ...ਉਸ ਦੇ ਪੈਰਾਂ ਵਿਚ ਪੀਲੇ ਭੂੰਡ ਤੇ ਮਧੂ-ਮੱਖੀਆਂ ਮੰਡਰਾ ਰਹੀਆਂ ਹਨ। ਨਾਲੀ ਵਿਚ ਦੋ ਕੁੱਤੇ ਚੁੱਪ-ਚਾਪ ਸੁੱਤੇ ਪਏ ਹਨ। ਕੁੱਤਿਆਂ ਤੋਂ ਪਰ੍ਹੇ ਦੋ ਚਿੜੀਆਂ ਗੰਦੇ ਪਾਣੀ ਵਿਚ ਖੰਭਾਂ ਨੂੰ ਫੜ-ਫੜਾਉਂਦੀਆਂ ਨਹਾ ਰਹੀਆਂ ਹਨ। ਸਾਰੀ ਸੜਕ ਦੇ ਅੱਧ ਵਿਚਕਾਰ ਤੱਕ ਧੁੱਪ ਦੇ ਟੁਕੜੇ ਅਟਕੇ ਹੋਏ ਛਾਂ ਨਾਲ ਅਠਖੇਲੀਆਂ ਕਰ ਰਹੇ ਹਨ। ਸਰਗੋਧਾ ਸਿੰਘ ਰਿਕਸ਼ੇ ਤੋਂ ਉਤਰ ਕੇ ਕਾਹਲੀ ਕਾਹਲੀ ਆਪਣੇ ਘਰ ਵੱਲ ਵਧਦਾ ਹੈ। ਦਰਵਾਜ਼ੇ ਬੰਦ ਪਏ ਦੇਖ ਕੇ ਉਹਦੇ ਪੈਰਾਂ ਹੇਠ ਜਿਵੇਂ ਸ਼ੋਅਲੇ ਮੱਚਣ ਲੱਗਦੇ ਹਨ ਤੇ ਉਹ ਜ਼ੋਰ ਜ਼ੋਰ ਨਾਲ ਘੰਟੀ ਵਜਾਉਂਦਾ ਹੈ।

"ਕੌਣ ਏਂ ?' ਅੰਦਰੋਂ ਅਵਾਜ਼ ਆਉਂਦੀ ਹੈ।

"ਕੌਣ ਏਂ...ਕਮਾਲ ਹੈ...ਤੁਹਾਨੂੰ ਨਈਂ ਪਤਾ ਕੌਣ ਏਂ...ਦਰਵਾਜ਼ਾ ਖੋਹਲੋ ਬਾਹਰ ਆ ਕੇ।"

ਸਰਗੋਧਾ ਸਿੰਘ ਦੇ ਬੋਲ ਇੰਨੇ ਤਿੱਖੇ ਤੇ ਉੱਚੇ ਹਨ ਕਿ ਬਿੰਦ ਵਿਚ ਹੀ ਕਈ ਘਰਾਂ ਦੀਆਂ ਕੁੰਡੀਆਂ ਖੜਕਦੀਆਂ ਹਨ। ਸ਼ਮਸ਼ਾਨਘਾਟ ਦੀ ਉਦਾਸੀ ਦੀ ਰੇਤ ਉਡਦੀ ਹੋਈ ਦੂਰ ਜਾ ਵਿਛਦੀ ਹੈ। ਥੱਲਿਉਂ ਸੁੱਕਾ ਪੀਲਾ ਪਿਆ ਘਾਹ ਨਜ਼ਰ ਆਉਂਦਾ ਹੈ। ਕੁਝ ਅੱਖਾਂ ਹਨ, ਕੁਝ ਹੱਥ ਤੇ ਪੈਰ ਹਨ ਜੋ ਦਰਾਂ ਤੋਂ ਬਾਹਰ ਸਰਗੋਧਾ ਸਿੰਘ ਦੇ ਘਰ ਵੱਲ ਦੇਖਦੇ ਤੇ ਵਧਦੇ ਹਨ।

"ਬਹੁਤਾ ਨੁਕਸਾਨ ਤਾਂ ਨਹੀਂ ਹੋਇਆ ਭਰਾ ਜੀ ?"

"ਦਸੋ ਖਾਂ ਕਿਵੇਂ ਅੱਗ ਲੱਗੀ ਸੂ ਇਹਨਾਂ ਭੂਤਨਿਆਂ ਨੂੰ...ਮੌਤ ਆਵੇ ਪਰ੍ਹੇ।"

"ਬਣੇਂਗਾ ਕੀ ਏਸ ਦੁਨੀਆਂ ਦਾ...ਕੋਈ ਵੀ ਸਮਝ ਨਹੀਂ ਆਉਂਦੀ...ਇਹ ਤਾਂ ਮੁੜ ਸੰਤਾਲੀ ਵਾਲੀ ਹੀ ਗੱਲ ਹੋਣ ਲੱਗੀ ਏ।"

"ਅੱਗੇ ਤਾਂ ਭਾਈ ਦਿੱਲੀ ਦੱਖਣ 'ਚ ਇਹ ਕੁਸ ਸੁਣਦੇ ਸਾਂ, ਕੀ ਪਤਾ ਸੀ ਭਲਕ ਨੂੰ ਇਥੇ ਵੀ ਉਹੋ ਹਨੇਰੀ ਝੁੱਲੇਗੀ।"

"ਇਹ ਸਭ ਨਖਸਮਿਆਂ ਦਾ ਕੰਮ ਐ...ਵਿਹਲੜ ਮੁਸ਼ਟੰਡਿਆਂ ਦਾ...ਦੇਖੋ ਨਾ ਸ਼ਹਿਰਾਂ ਵਿਚ ਈ ਇਹ ਕੁਝ ਹੁੰਦੈ...ਭਲਾ ਪਿੰਡਾਂ 'ਚ ਕੋਈ ਹੋਰ ਰੱਬ ਵਸਦੈ...ਸੋਚਣ ਵਾਲੀ ਗੱਲ ਏ ਭੈਣ ਜੀ।"

ਹਰ ਮੂੰਹ ਦੇ ਬੋਲ ਅੱਡੋ-ਅੱਡ ਹਨ। ਸਰਗੋਧਾ ਸਿੰਘ ਚੁੱਪ ਖੜਾ ਸਭ ਦੀਆਂ ਸੁਣ ਰਿਹਾ ਹੈ। ਉਸਦੇ ਅੰਦਰ ਇਕ ਲਾਟ ਉਠਦੀ ਹੋਈ ਥਰਥਰਾ ਰਹੀ ਹੈ ਤੇ ਉਸ ਨੂੰ ਨਜ਼ਰ ਕੁਝ ਨਹੀਂ ਆ ਰਿਹਾ। ਆਹਿਸਤਾ ਆਹਿਸਤਾ ਉਸ ਦੀਆਂ ਅੱਖਾਂ ਅੱਗੇ ਕੁਝ ਧੁੰਦਲਾ ਜਿਹਾ ਉਭਰਨ ਲੱਗਦਾ ਹੈ। ਉਹ ਉਚੀ ਉਚੀ ਬੋਲਣਾ ਸ਼ੁਰੂ ਕਰਦਾ ਹੈ :

"ਇੰਜ ਕੋਈ ਕੀ ਕਰ ਲੈਸੀ...ਸਰਗੋਧਾ ਸਿੰਘ ਵਤ ਏਸੇ ਤਰ੍ਹਾਂ ਚੜ੍ਹਦੀ ਕਲਾ 'ਚ ਜਾਸੀ...ਕਮਾਲ ਹੈ...ਇਹ ਲੋਕ ਕਰ ਕੀ ਲੈਣਗੇ...ਮੇਰਾ ਕੀ ਵਿਗੜ ਜਾਸੀ। ਮੇਰੇ ਹੱਥ ਵੀ ਡਾਹਡੇ ਲੰਬੇ ਨੇ...ਮੇਰੇ ਚੱਟੇ ਹੋਏ ਤਾਂ ਬ੍ਰਿਛ ਹਰੇ ਨਈਂ ਹੋਏ। ਸੱਚ ਆਖਿਆ ਸੂ ਕਿਸੇ ਕਿ ਚੁੱਪ ਰਹਿੰਦਾ ਤਾਂ ਸੌ ਮਾਰਾਂ ਦਾ ਸ਼ਿਕਾਰ ਹੁੰਦੈ।"

ਸਰਗੋਧਾ ਸਿੰਘ ਲਗਾਤਾਰ ਬੋਲੀ ਜਾ ਰਿਹਾ ਸੀ। ਆਂਢ-ਗੁਆਂਢ ਭੈ-ਭੀਤ ਹੋਇਆ ਦੇਖਦਾ ਰਿਹਾ ਤੇ ਫਿਰ ਆਪਣੇ ਆਪਣੇ ਦਰ ਓਹਲੇ ਛੁਪ ਗਿਆ। ਸਰਗੋਧਾ ਸਿੰਘ ਦੀ ਪਤਨੀ, ਵੱਡੀ ਨੂੰਹ ਤੇ ਪੋਤੀ ਦੇ ਮੂੰਹ ਪ੍ਰੇਸ਼ਾਨੀ ਤੇ ਡਰ ਨਾਲ ਲੱਥੇ ਪਏ ਸਨ। ਡੁੱਬ-ਡੁਬਾਂਦੀਆਂ ਸਭ ਦੀਆਂ ਅੱਖਾਂ 'ਚ ਇਕ ਤਰਲਾ ਤੈਰਨ ਲੱਗਾ ਸੀ। ਉਹ ਇਕੋ ਨਜ਼ਰ ਸਰਗੋਧਾ ਸਿੰਘ ਵੱਲ ਦੇਖੀ ਜਾ ਰਹੀਆਂ ਸਨ। ਪੀਲਾ ਭੂਕ ਚਿਹਰਾ, ਬੱਗੀਆਂ ਅੰਦਰ ਧੱਸੀਆਂ ਅੱਖਾਂ, ਖਿੰਡੀ ਹੋਈ ਘੱਟੇ ਨਾਲ ਭਰੀ ਦਾਹੜੀ, ਟੇਢੀ ਹੋਈ ਪੱਗ ਤੇ ਚਿੱਟੇ ਦੁੱਧ ਬੁਰੇ ਹਾਲ ਲੀੜੇ। ਜਿਵੇਂ ਸਰਗੋਧਾ ਸਿੰਘ ਦੁਕਾਨ ਤੋਂ ਨਹੀਂ, ਕਿਸੇ ਲੰਬੇ ਸਫ਼ਰ ਤੋਂ ਥੱਕਿਆ ਟੁੱਟਿਆ ਮੁੜਿਆ ਹੋਵੇ। ਇਕ ਬਿੰਦ ਸਰਗੋਧਾ ਸਿੰਘ ਨੇ

ਐਸੀ ਹਰਕਤ ਕੀਤੀ ਕਿ ਹੋਰ ਵੀ ਪ੍ਰੇਸ਼ਾਨੀ ਵਧ ਗਈ। ਉਸ ਨੇ ਝਟਕੇ ਨਾਲ ਸਿਰ ਤੋਂ ਪਗੜੀ ਲਾਹ ਕੇ ਮੰਜੇ 'ਤੇ ਵਗਾਹ ਕੇ ਸੁੱਟੀ ਤੇ ਉਚੀ ਉਚੀ ਬੋਲਣ ਲੱਗਾ। ਬੋਲਦਾ ਬੋਲਦਾ ਉਹ ਅੰਦਰ ਨੂੰ ਗਿਆ ਤੇ ਜਦੋਂ ਬਾਹਰ ਆਇਆ ਉਸ ਦੇ ਹੱਥ ਕਿਰਪਾਨ ਸੀ। ਉਹਨੇ ਬਾਹਰ ਆ ਕੇ ਝਟਕੇ ਨਾਲ ਕਿਰਪਾਨ ਮਿਆਨ 'ਚੋਂ ਕੱਢੀ ਤੇ ਹਵਾ ਵਿਚ ਲਹਿਰਾਉਂਦਿਆਂ ਉਪਰ ਅੰਬਰ ਵੱਲ ਵੇਖਿਆ। ਪਤਨੀ ਨੇ ਅੱਗੇ ਵਧ ਕੇ ਸਰਗੋਧਾ ਸਿੰਘ ਨੂੰ ਜੱਫਾ ਮਾਰ ਲਿਆ। ਕੰਬਦੀ ਕੰਬਦੀ ਨੂੰਹ ਨੇ ਸ਼ਰਮਾਉਂਦਿਆਂ ਤੇ ਦਲੇਰੀ ਨਾਲ ਸਰਗੋਧਾ ਸਿੰਘ ਦਾ ਗੁੱਟ ਫੜ ਕੇ ਹੌਲੇ ਜਿਹੇ ਕਿਰਪਾਨ ਫੜ ਲਈ। ਸ਼ਾਇਦ ਨੂੰਹ ਨੂੰ ਅੱਗੇ ਵਧੀ ਦੇਖ ਸਰਗੋਧਾ ਸਿੰਘ ਵੀ ਝੇਂਪ ਗਿਆ। ਉਹ ਦੋਨੋਂ ਉਸ ਨੂੰ ਬਾਹਾਂ ਤੋਂ ਫੜੀ ਅੰਦਰ ਲੈ ਗਈਆਂ।

"ਪੁੱਤਰ, ਤੂੰ ਡਾਕਟਰ ਬੱਬਰ ਨੂੰ ਫੋਨ ਕਰਕੇ ਬੁਲਾ।"

"ਕੀ ਹੋ ਗਿਆ ਏ...ਡਾਕਟਰ ਦੀ ਕੀ ਲੋੜ ਸੂ...ਕੁਝ ਨਹੀਂ ਹੋਇਆ...ਮੈਨੂੰ ਕੀ ਹੋਇਆ ਏ?" ਸਰਗੋਧਾ ਸਿੰਘ ਮੰਜੇ 'ਤੇ ਬੈਠਦਾ ਬੋਲਿਆ। "ਕੁਕੂ ਕਿਥੇ ਸੂ? ਦੀਦਾਰ ਸਿੰਘ ਵੀ ਨਹੀਂ ਏ...ਕਮਾਲ ਹੈ...ਉਹ ਗਿਆ ਕਿਧਰ ਏ? ਬੁਲਾਓ ਉਸ ਨੂੰ।"

"ਦੀਦਾਰ ਸਿੰਘ ਲੁਧਿਆਣੇ ਤੋਂ ਮਾਲ ਲੈਣ ਗਿਆ ਈ...ਕੁਕੂ ਦਾ ਫੋਨ ਆਇਆ ਏ ਉਹ ਸ਼ਾਮ ਤਕ ਘਰ ਆ ਜਾਸੀ...ਤੁਸੀਂ ਚੈਨ ਨਾਲ ਬੈਠੋ। ਲੰਮੇ ਪੈ ਜਾਓ। ਲਿਆ ਬੇਟਾ ਚਾਹ ਬਣਾ ਕੇ ਲਿਆ! ਪਹਿਲੇ ਠੰਡਾ ਪਾਣੀ ਦੇ...ਸ਼ਰਬਤ ਬਣਾ ਲੈ...ਨੌਕਰ ਕਿਧਰ ਗਿਆ ਸੂ... ਉਹ ਪਾਗਲ ਸਟੇਸ਼ਨ ਤੋਂ ਬਿਲਟੀ ਲੈਣ ਗਿਆ ਨਹੀਂ ਪਰਤਿਆ...ਬੇਟਾ ਤੂੰ ਦਹੀਂ ਰਿੜਕ ਕੇ ਲੱਸੀ ਬਣਾ ਲੈ...ਛੇਤੀ ਕਰ। ਤੁਸੀਂ ਲੰਮੇ ਪਵੋ ਸੂ...ਮੈਂ ਤਲੀਆਂ ਝੱਸ ਦੇਵਾਂ..." ਪਤਨੀ ਨੇ ਸਹਾਰਾ ਦੇ ਕੇ ਸਰਗੋਧਾ ਸਿੰਘ ਨੂੰ ਮੰਜੇ 'ਤੇ ਲੰਮਾ ਪਾ ਦਿਤਾ। ਸਿਰ ਵਿਚ ਤੇਲ ਝੱਸਿਆ ਗਿਆ। ਪੈਰਾਂ ਦੀਆਂ ਤਲੀਆਂ ਝੱਸੀਆਂ ਗਈਆਂ। ਸਰਗੋਧਾ ਸਿੰਘ ਉਠ ਕੇ ਬੈਠ ਗਿਆ।

"ਗੁੱਡੀ ਕਿਥੇ ਜੇ? ਬੁਲਾਓ ਉਸ ਨੂੰ।"

"ਕਾਲਜ ਤੋਂ ਰਿਕਸ਼ੇ ਵਿਚ ਆਂਦੀ ਹੋਵੇਗੀ. ਗੱਡੀ ਘਰ ਹੁੰਦੀ ਤਾਂ ਕਦੋਂ ਦੀ ਆ ਗਈ ਹੁੰਦੀ।"

"ਆਵੇ ਤਾਂ ਉਸ ਨੂ ਸਰਦਾਰ ਬਰਾੜ ਦੀ ਕੋਠੀ ਭੇਜਣਾ ਏ। ਉਹਨਾਂ ਨੂੰ ਸਾਰੀ ਗੱਲ ਜਾ ਕੇ ਦੱਸੇ। ਆਖੇ ਸੂ ਕਿ ਉਹਨਾਂ ਦੇ ਹੁੰਦੇ ਹੁੰਦੇ ਸਾਡੇ ਨਾਲ ਇੰਜ ਹੋਣ ਲੱਗੀ ਸੂ...ਕਮਾਲ ਹੈ...ਹਨੇਰ ਈ ਮੱਚ ਗਿਆ ਸੂ।"

"ਪਰ ਉਹ ਕੀ ਕਰਨਗੇ ਇਸ ਵਕਤ...ਹੁਣ ਕਿਹੜਾ ਉਹ ਮੰਤਰੀ ਨੇ...ਉਹਨਾਂ ਦੀ ਸਰਕਾਰ ਹੁੰਦੀ ਤਾਂ ਹੋਰ ਗੱਲ ਸੀ।"

"ਐਸੀ ਕੋਈ ਗੱਲ ਨਹੀਂ ਗੁਲਾਬ ਕੌਰੇ...ਆਖਰ ਉਹ ਸਰਕਾਰ ਵਿਚ ਮੁਕਾਬਲੇ ਦੀ ਪਾਰਟੀ ਤਾਂ ਹੈਨ। ਫਿਰ ਅਸੀਂ ਤਾਂ ਹਜ਼ਾਰਾਂ ਰੁਪਏ ਚੰਦਾ ਮਹੀਨੇ ਦੇ ਮਹੀਨੇ ਪਏ ਭਰਦੇ ਆਂ...ਸਾਨੂੰ ਕੋਈ ਅਸਮਾਨੋਂ ਤੇ ਨਹੀਂ ਨਾ ਡਿਗਦੇ...ਕਮਾਲ ਹੈ।"

"ਨਾ ਜੀ ਉਹ ਉਂਜ ਵੀ ਤਾਂ ਬਥੇਰੀ ਮਦਦ ਕਰਦੇ ਰਹਿੰਦੇ ਨੇ। ਬਿਜ਼ਨੈਸ ਉਹਨਾਂ ਦੇ ਕਰਕੇ ਈ ਪੈਰਾਂ ਸਿਰ ਹੋਇਐ। ਨਹੀਂ ਜਿਉਂ ਲੈਲਪੁਰ ਤੋਂ ਉਜੜ ਕੇ ਆਏ ਸਾਂ ਕੀ ਬਚਿਆ ਸਾਈ ਸਾਡੇ ਪਾਸ...ਉਹਨਾਂ ਦੀ ਬੜੀ ਕਿਰਪਾ ਏ।"

"ਉਹ ਤਾਂ ਠੀਕ ਏ...ਤੈਨੂੰ ਕੀ ਪਤਾ ਏ...ਤੂੰ ਤਾਂ ਭੋਲੀ ਏਂ। ਜੋ ਕੁਝ ਵੀ ਹੋਣ ਵਾਲਾ ਏ, ਇਸ ਦਾ ਹੱਲ ਉਹੀ ਕਰਨਗੇ...ਆਪਾਂ ਕੀ ਕਰ ਸਕਦੇ ਆਂ...ਗੁੱਡੀ ਜਾਵੇਗੀ ਤਾਂ ਪੁਜ਼ੀਸ਼ਨ ਸਮਝਾ ਦੇਵੇਗੀ...ਫਿਰ ਉਹ ਜਿਵੇਂ ਕਹਿਣਗੇ ਉਵੇਂ ਕਰਾਂਗੇ...ਕਮਾਲ ਦੀ ਗੱਲ ਏ...ਇਹ ਗੋਇਲ ਭਰਾ ਵੀ ਕੀ ਸਮਝਣਗੇ।"

"ਗੋਇਲ ਭਰਾਵਾਂ ਦੇ ਪਿੱਛੇ ਤਾਂ ਪੂਰੀ ਸਰਕਾਰ ਏ... ਮੰਤਰੀ ਉਹਨਾਂ ਦਾ ਆਪਣਾ ਬੰਦਾ ਏ...ਤੁਹਾਡੀ ਕਿੱਥੇ ਚੱਲੇਗੀ।"

"ਸਾਰੇ ਕੰਮ ਕਿਤੇ ਸਰਕਾਰ ਈ ਨਹੀਂ ਕਰਦੀ...ਤੂੰ ਗੁੱਡੀ ਨੂੰ ਆਉਣ ਦੇ..."

'ਨਾ ਇੰਜ ਕੋਈ ਚੰਗਾ ਲਗਦਾ...ਕੁਕੂ ਜਾਂ ਦੀਦਾਰ ਸਿੰਘ ਨੂੰ ਆ ਲੈਣ ਦਿਓ ਸੂ...ਉਹਨਾਂ ਨੂੰ ਭੇਜ ਦੇਣਾ ...ਨਾਲ ਆਪ ਵੀ ਚਲੇ ਜਾਣਾ...ਜੁਆਨ ਧੀ ਨੂੰ ਭੇਜਦੇ ਚੰਗੇ ਲਗਦੇ ਆਂ।"

"ਮੂੰਹ ਬੰਦ ਰੱਖ ਤੂੰ...ਪੜ੍ਹੀ ਲਿਖੀ ਮੇਰੀ ਧੀ ਏ... ਉਹ ਚੰਗੀ ਤਰ੍ਹਾਂ ਗੱਲ ਸਮਝਾ ਸਕਦੀ ਏ...ਮੁੰਡੇ ਤਾਂ ਤੇਰੇ ਦੋਨੋਂ ਬੁੱਧੂ ਨੇ...ਆਖੋ ਕੁਝ ਤੇ ਕਰਦੇ ਕੁਝ ਨੇ... ਨਾਲੇ ਉਹ ਕੋਈ ਓਪਰਾ ਬੰਦਾ ਏ...ਆਪਣਾ ਖਾਸ ਬੰਦਾ ਏ ਬਰਾੜ ਸਾਹਿਬ...ਕਮਾਲ ਕਰਦੀ ਏਂ ਤੂੰ ਵੀ।"

"ਤੁਸੀਂ ਫੋਨ ਕਰ ਲਵੋ ਨਾ...ਫਿਰ ਗੁੱਡੀ ਦੇ ਨਾਲ ਆਪ ਚਲੇ ਜਾਣਾ"

"ਮੈਂ ਕਹਿੰਦਾਂ ਸੂ ਉਸ ਨੂੰ ਇਕੱਲਿਆਂ ਭੇਜ ਦੇਣਾ... ਕਮਾਲ ਹੈ..." ਸਰਗੋਧਾ ਸਿੰਘ ਪਤਨੀ ਵੱਲ ਨਿਮਰਤਾ ਨਾਲ ਵੇਖਦਾ ਹੈ। "ਨਾਲੇ ਕੁਝ ਪੈਸੇ ਭੇਜ ਦੇਣੇ...ਸਮਝੀ ਕਿ ਨਹੀਂ।"

ਨੂੰਹ ਲੱਸੀ ਲੈ ਕੇ ਆਈ ਤਾਂ ਕਮਰੇ ਅੰਦਰਲਾ ਮਾਹੌਲ ਕੁਝ ਸ਼ਾਂਤ ਤੇ ਠੰਡਾ ਸੀ।

ਇਸੇ ਘੜੀ ਕੁਝ ਅਵਾਜ਼ਾਂ ਗਲੀ ਵਿਚ ਸੁਣਾਈ ਦਿੱਤੀਆਂ। ਇਹ ਅਵਾਜ਼ਾਂ ਛੇਤੀ ਹੀ ਸਰਗੋਧਾ ਸਿੰਘ ਦੇ ਘਰ ਦੇ ਦਰਾਂ ਵਿਚ, ਵਿਹੜੇ ਵਿਚ ਤੇ ਅਖੀਰ ਸਰਗੋਧਾ ਸਿੰਘ ਦੇ ਦੁਆਲੇ ਆ ਜੁੜੀਆਂ। ਕੁਝ ਛੋਟੇ ਦੁਕਾਨਦਾਰ ਹਨ, ਰੇਹੜੀ-ਰਿਕਸ਼ਾ ਚਲਾਉਣ ਵਾਲੇ, ਛੋਟੇ ਛੋਟੇ ਕਾਰਖਾਨੇਦਾਰ। ਕੁਝ ਇਹੋ ਜਿਹੇ ਚਿੱਟ-ਕਪੜੀਏ ਵੀ ਹਨ ਜੋ ਸਾਰਾ ਸਾਰਾ ਦਿਨ ਦਰੱਖਤਾਂ ਦੀ ਛਾਵੇਂ ਬੈਠੇ ਤਾਸ਼ ਜਾਂ ਸ਼ਤਰੰਜ ਖੇਡਣ ਦਾ ਸ਼ੁਗਲ ਪਾਲ ਰਹੇ ਹਨ। ਪੈਸੇ ਧੇਲੇ ਦੀ ਤੰਗੀ-ਤੁਰਸ਼ੀ ਵੇਲੇ ਸਰਗੋਧਾ ਸਿੰਘ ਇਹਨਾਂ

ਸਭ ਲਈ ਦੂਜਾ ਖ਼ੁਦਾ ਹੈ। ਹੁਣ ਜਦੋਂ ਕਿ ਸਰਗੋਧਾ ਸਿੰਘ ਨਾਲ 'ਧਰੋਹ' ਹੋਇਆ ਤਾਂ ਖ਼ਬਰ ਮਿਲਦਿਆਂ ਹੀ ਇਹ ਸਭ ਹਮਦਰਦ (ਕਰਜ਼ਈ) ਪਹਿਲਾਂ ਦੁਕਾਨ 'ਤੇ ਪੁੱਜੇ। ਪਰ ਦੁਕਾਨ ਬੰਦ ਪਈ ਦੇਖ ਕੇ ਘਰ ਵਲ ਵਹੀਰਾਂ ਘੱਤ ਲਈਆਂ।

"ਇਹ ਸਭ ਸ਼ਰਾਰਤ ਏ ਸਰਦਾਰ ਸਾਹਬ।"

"ਭਾਵੇਂ ਕੁਝ ਵੀ ਏ, ਇਸ ਦਾ ਜਵਾਬ ਦੇਣਾ ਪਵੇਗਾ...ਨਹੀਂ ਤਾਂ ਭਾਈ ਸਾਹਬ ਕੱਲ੍ਹ ਕਿਸ ਨੂੰ ਚੜ੍ਹੇਗਾ. ਕੋਈ ਨਹੀਂ ਕਹਿ ਸਕਦਾ।"

"ਸਾਡਾ ਵੀ ਤਾਂ ਕੋਈ ਧਰਮ ਏਂ...ਵਾਹ ਬਈ!"

"ਸਿਰਫ ਜਲੂਸ ਹੀ?" ਆਖ ਕੇ ਇਕ ਉਤਸੁਕਤਾ ਨਾਲ ਸਭ ਵੱਲ ਦੇਖਦਾ ਹੈ,..."ਜਲੂਸ ਤੋਂ ਬਿਨਾਂ ਵੀ ਕੁਝ ਕਰਨਾ ਹੈ।"

"ਜਿਵੇਂ ਸਰਦਾਰ ਸਾਹਬ ਆਖਣਗੇ।"

"ਇੱਟ ਦਾ ਜਵਾਬ ਪੱਥਰ ਨਾਲ ਦਿਤਾ ਜਾਵੇਗਾ ਤਾਂ ਹੀ ਸਵਾਦ ਐ..."

"ਇਹ ਸਭ ਫਜ਼ੂਲ ਏ ਭਰਾਵੋ...ਇਸ ਦਾ ਕੋਈ ਹੋਰ ਰਾਹ ਲੱਭੋ...ਕਿਉਂ ਸਰਦਾਰ ਸਾਹਬ?"

ਸਭ ਅਵਾਜ਼ਾਂ ਬੰਦ ਹਨ। ਅੱਖਾਂ ਹਨ, ਘੂਰ ਘੂਰ ਕੇ ਇਕ ਦੂਸਰੇ ਵੱਲ ਦੇਖ ਰਹੀਆਂ। ਸਰਗੋਧਾ ਸਿੰਘ ਚੁੱਪ ਬੈਠਾ ਦਾਹੜੀ ਵਿਚ ਕੰਘੀ ਫੇਰ ਰਿਹਾ ਹੈ। ਪਤਨੀ ਸੰਦਲ ਦਾ ਸ਼ਰਬਤ ਤਿਆਰ ਕਰਕੇ ਗਲਾਸਾਂ ਵਿਚ ਪਾ ਰਹੀ ਹੈ। ਕੂਲਰ ਦੀ ਠੰਡੀ ਹਵਾ ਰੰਗੀਨ ਦੀਵਾਰਾਂ ਨਾਲ ਟਕਰਾ ਕੇ ਸਭ ਦੇ ਚਿਹਰਿਆਂ ਨੂੰ ਠੰਡਕ ਪੁਚਾ ਰਹੀ ਹੈ।

ਹੁਣੇ ਹੁਣੇ ਗੁੱਡੀ ਕਾਲਜੋਂ ਆਈ ਸੀ। ਦੁਕਾਨ ਅਤੇ ਭਾਪਾ ਜੀ ਬਾਰੇ ਸੁਣ ਕੇ ਉਹ ਵੀ ਗੁੱਸੇ 'ਚ ਭਾਂਬੜ ਬਣ ਗਈ ਸੀ। ਸਰਗੋਧਾ ਸਿੰਘ ਦੀ ਹਦਾਇਤ ਮੁਤਾਬਿਕ ਪਤਨੀ ਨੇ ਸੇਫ ਵਿਚੋਂ ਕੁਝ ਪੈਸੇ ਕੱਢ ਕੇ ਲਿਫਾਫੇ ਵਿਚ ਵਿਚ ਪਾਏ ਤੇ ਉਸ ਨੂੰ ਦੇ ਕੇ ਬਰਾੜ ਸਾਹਿਬ ਦੀ ਕੋਠੀ ਨੂੰ ਤੋਰ ਦਿਤਾ।

ਬਾਹਰ ਕਾਰ ਦਾ ਹਾਰਨ ਵਜਦਾ ਹੈ। ਤਣੇ ਹੋਏ ਚਿਹਰੇ ਹੋਰ ਗੰਭੀਰ ਹੋ ਜਾਂਦੇ ਹਨ। ਬਾਹਰੋਂ ਆਏ ਆਦਮੀਆਂ ਵਿਚ ਇਕ ਸ਼ਹਿਰ ਦੀ ਨਗਰ ਪਾਲਿਕਾ ਦਾ ਪ੍ਰਧਾਨ ਹੈ, ਇਕ ਧਾਰਮਿਕ ਸੰਸਥਾ ਦਾ ਸੰਚਾਲਕ ਹੈ ਤੇ ਤੀਜਾ ਪੁਲੀਸ ਦਾ ਰਿਟਾਇਰ ਹੋ ਚੁੱਕਾ ਉੱਚ ਅਧਿਕਾਰੀ ਹੈ। ਪਹਿਲੇ ਆਏ ਹਮਦਰਦਾਂ ਨੂੰ ਸਰਗੋਧਾ ਸਿੰਘ ਬਾਹਰ ਵਿਹੜੇ ਵਿਚ ਮੰਜਿਆਂ 'ਤੇ ਬੈਠਣ ਲਈ ਆਖ ਕੇ ਨਵੇਂ ਆਇਆਂ ਨਾਲ ਧੀਮੀਂ ਅਵਾਜ਼ 'ਚ ਗੱਲਾਂ ਕਰਨ ਵਿਚ ਰੁੱਝ ਜਾਂਦਾ ਹੈ।

"ਇਸ ਸਾਰੀ ਸ਼ਰਾਰਤ ਦਾ ਸਿਰਾ ਕਿਤੇ ਹੋਰ ਬੱਝਾ ਹੋਇਆ ਜੇ ਜਨਾਬ ਜੀ...ਅਸੀਂ ਵੀ ਤੀਹ ਸਾਲ ਸਰਕਾਰੀ ਨੌਕਰੀ ਕੀਤੀ ਏ।"

"ਉਹ ਕਈ ਦਿਨਾਂ ਤੋਂ ਮੀਟਿੰਗਾਂ ਕਰਦੇ ਫਿਰਦੇ ਸੀ, ਹੁਣ ਪਤਾ ਲੱਗਾ ਵਿਚੋਂ ਗੱਲ ਕੀ ਐ।"

"ਪਰ ਅਸੀਂ ਹੁਣ ਇਸ ਵੇਲੇ ਕਰ ਵੀ ਕੀ ਸਕਦੇ ਹਾਂ...ਦੇਖੋ ਨਾ ਸਰਕਾਰ ਉਹਨਾਂ ਦੀ ਆਪਣੀ ਹੈ... ਮੰਤਰੀ ਤੇ ਵਧਾਇਕ ਉਹਨਾਂ ਦੇ ਪਿੱਛੇ ਨੇ। ਸਾਡਾ ਬੰਦਾ ਬਰਾੜ ਸਾਹਬ ਠੰਡਾ ਹੋਇਆ ਬੈਠਾ...ਕਿਉਂ ਸਰਦਾਰ ਸਾਹਬ...?"

"ਕਮਾਲ ਹੈ...ਅਸੀਂ ਵੀ ਤਾਂ ਜਲਸੇ ਜਲੂਸ ਕੱਢ ਸਕਦੇ ਆਂ...ਪੈਸੇ ਨਾਲ ਕੀ ਨਹੀਂ ਕੀਤਾ ਜਾ ਸਕਦਾ... ਤੁਸੀਂ ਵਤ ਗੱਲ ਕਰੋ!"

"ਆਪਾਂ ਤਾਂ ਹੁਕਮ ਦੇ ਬੱਧੇ ਆਂ...ਜਿਵੇਂ ਵੀ ਆਖੋ...ਸੁਨੇਹਾ ਭੇਜ ਦਿੰਦੇ ਆਂ, ਆਪਣੀ ਫੈਕਟਰੀ 'ਚੋਂ, ਬੰਦਿਆਂ ਦਾ ਟਰੱਕ ਆ ਜਾਏਗਾ। ਬਾਕੀ ਐਸ. ਪੀ. ਸਾਹਬ ਸਾਡੇ ਨਾਲ ਨੇ...ਹੋਰ ਕੋਈ ਸੇਵਾ ਜੋ ਹੋਵੇ ਬੰਦਾ ਕਰਨ ਲਈ ਤਿਆਰ ਹੈ।"

"ਠੀਕ ਹੈ ਤੁਸੀਂ ਗੱਲ ਨੂੰ ਦਬਾ ਕੇ ਰੱਖੋ...ਠੀਕ ਜਗ੍ਹਾ ਉਪਰ ਬੰਦੇ ਪੁਚਾਓ...ਜਿਹੜੇ ਬਾਹਰ ਬੈਠੇ ਨੇ ਇਹ ਵੀ ਉਥੇ ਪੁਜ ਜਾਣਗੇ ਠੀਕ ਹੈ ਨਾ ਸਰਦਾਰ ਸਾਹਬ।

"ਜਿਵੇਂ ਤੁਸੀਂ ਠੀਕ ਸਮਝੋ...ਕੁਝ ਨਾ ਕੁਝ ਤਾਂ ਹੋਵੇ...ਬਈ...ਕਮਾਲ ਹੈ...ਨਹੀਂ ਤਾਂ ਸ਼ਹਿਰ ਵਿਚ ਰਹਿਣ ਦਾ ਸਾਡਾ ਧਰਮ ਨਹੀਂ ਸੂ।"

"ਮੈਂ ਕਿਹਾ ਜੀ ਸਭ ਕੁਝ ਐਨ ਫਿਟ ਕਰ ਦਿਆਂਗੇ ...ਸਾਲੇ ਗੋਇਲ ਸ਼ੋਇਲ ਕੀ ਸਮਝਣਗੇ...ਕੀ ਹੋਇਆ ਜੇ ਉਹਦੇ ਪਿੱਛੇ ਮੰਤਰੀ ਹੈ ਤਾਂ...ਇਹ ਤਾਂ ਚਲਦਾ ਹੀ ਐ, ਕਦੇ ਦਾਦੇ ਦੀਆਂ ਕਦੇ...

"ਮੰਤਰੀ ਵੀ ਉਹਨਾਂ ਨੂੰ ਆਪਣਾ ਮਤਲਬ ਕੱਢਣ ਲਈ ਵਰਤ ਰਿਹੈ...ਤੁਹਾਨੂੰ ਸ਼ਾਇਦ ਪਤਾ ਨਹੀਂ ਵੱਡੇ ਗੋਇਲ ਦੀ ਭਤੀਜੀ ਡਾਕਟਰ ਐ...ਉਹ ਉਸ ਦਾ ਰਿਸ਼ਤਾ ਆਪਣੇ ਭਰਾ ਦੇ ਮੁੰਡੇ ਨੂੰ ਕਰਾਊ ਹੈ। ਤੇ ਗੋਇਲ ਭਰਾ ਇਸੇ ਗੱਲ ਹੇਠਾਂ ਉਸ ਨੂੰ ਵਰਤ ਰਹੇ ਨੇ। ਦੂਜੀ ਰਹੀ ਸਰਦਾਰ ਸਾਹਬ ਦੀ ਗੱਲ...ਇਹ ਤਾਂ ਚੋਣਾਂ ਵੇਲੇ ਦੇ ਹੀ ਮੰਤਰੀ ਦੀਆਂ ਅੱਖਾਂ 'ਚ ਰੜਕ ਰਹੇ ਨੇ...ਉਹਨਾਂ ਤੇ ਸੁਣਿਆ ਹੈ, ਇੰਜ ਕਿਸੇ ਕੋਲ ਆਖਿਆ ਵੀ ਏ ਕਿ ਆਪਣੇ ਭਰਾ ਦੀ ਹਾਰ ਦਾ ਬਦਲਾ ਲੈ ਕੇ ਰਹਾਂਗੇ...ਸਰਦਾਰ ਸਾਹਬ ਕਰਕੇ ਹੀ ਤਾਂ ਉਹਨਾਂ ਦਾ ਭਰਾ ਮਾਰਗੇਜ਼ ਬੈਂਕ ਦਾ ਚੇਅਰਮੈਨ ਨਹੀਂ ਬਣ ਸਕਿਆ...।"

ਅਚਾਨਕ ਫੋਨ ਖੜਕਦਾ ਹੈ ਤਾਂ ਸਰਗੋਧਾ ਸਿੰਘ ਲਪਕ ਕੇ ਫੋਨ ਚੁੱਕਦਾ ਹੈ।

"ਗੁੱਡੀ...ਹੈਲੋ...ਹੈਲੋ...ਅੱਛਾ ਮੇਰੀ ਬੱਚੀ...ਹਾਂ ਹਾਂ,..ਸ਼ਾਮ ਨੂੰ...ਕਦੋਂ ਕੁ ਚਾਰ ਪੰਜ ਵਜੇ...ਠੀਕ ਏ...ਉਹਨਾਂ ਨੂੰ ਪੱਕਾ ਕਰਦੇ ਮੇਰੇ ਵੱਲੋਂ। ਉਹਨਾਂ ਨੂੰ ਫੋਨ ਦੇ ਨਾ ਮੈਂ ਗੱਲ ਕਰਾਂ...ਕਿਥੇ ਬਾਥਰੂਮ! ...ਅੱਛਾ ਅੱਛਾ..." ਸਰਗੋਧਾ ਸਿੰਘ ਹੱਸਦਾ ਹੈ। ਚਿਹਰੇ ਦਾ ਰੰਗ ਬਦਲ ਰਿਹਾ ਹੈ।

ਅਜੇ ਸੂਰਜ ਛਿਪਿਆ ਨਹੀਂ ਹੈ। ਬਜ਼ਾਰ ਵਿਚ ਥੋੜੀ ਜਿਹੀ ਚਹਿਲ-ਪਹਿਲ ਹੈ। ਤਣਾਓ, ਡਰ, ਸਹਿਮ ਸਭ ਪਾਸੇ ਮੌਜੂਦ ਹੈ। ਪੰਛੀ ਤੇ ਮਨੁੱਖ ਘਰਾਂ ਨੂੰ ਪਰਤ ਰਹੇ ਹਨ। ਇਕ ਸਿੱਕ ਹੈ, ਆਸ ਹੈ, ਦੱਬੀ ਦੱਬੀ। ਅਚਾਨਕ ਕੁਝ ਅਵਾਜ਼ਾਂ ਪੈਦਾ ਹੋ ਰਹੀਆਂ ਹਨ। ਬਜ਼ਾਰ ਵਿਚ ਲੋਕ ਦੌੜਨ ਲਗਦੇ ਹਨ। ਪੁਲੀਸ ਚੌਂਕ ਵਿਚੋਂ ਵੀ ਗਾਇਬ ਹੈ। ਲੋਕ ਇਕ ਦੂਸਰੇ ਨਾਲ ਟਕਰਾ ਰਹੇ ਹਨ। ਪੱਥਰ

ਹਨ, ਬੌਤਲਾਂ ਹਨ — ਚੀਖਾਂ ਤੇ ਕੁਰਲਾਹਟ ਹੈ। ਕੁਝ ਆਦਮੀ ਦੌੜਦੇ ਹੋਏ ਅੱਗੇ ਵਧ ਰਹੇ ਹਨ। ਇਕ ਸਾਈ-ਕਲ ਵਾਲਾ ਚੀਖਦਾ ਹੋਇਆ ਸੜਕ ਦੇ ਵਿਚਕਾਰ ਡਿਗਦਾ ਹੈ। ਇਕ ਕਾਰ ਅੱਗ ਦੀ ਲਪੇਟ ਵਿਚ ਆ ਗਈ ਹੈ। ਦੁਕਾਨਾਂ ਦੇ ਸ਼ਟਰ ਹੇਠਾਂ ਡਿੱਗ ਰਹੇ ਹਨ। ਅੱਗ ਹੈ, ਧੂੰਆਂ ਉੱਠਦਾ ਹੈ, ਰੌਲਾ ਹੋਰ ਉੱਚਾ ਹੁੰਦਾ ਹੈ। ਅੱਗ ਲਟਾ ਲਟ ਦੁਕਾਨਾਂ ਨੂੰ ਘੇਰ ਰਹੀ ਹੈ। ਛੋਟੀ ਮਾਰਕੀਟ ਦੀਆਂ ਕਈ ਦੁਕਾਨਾਂ ਨੂੰ ਅੱਗ ਖਾ ਰਹੀ ਹੈ। ਕਰਾਹੁੰਦੇ ਹੋਏ ਲੋਕ ਦੌੜ ਰਹੇ ਹਨ — ਸੜਕਾਂ ਉਪਰ ਸਿਰਫ਼ ਧੂੰਆਂ ਹੈ। ਇਕ ਵੱਡੀ ਦੁਕਾਨ ਨੂੰ ਅੱਗ ਲਾਉਣ ਲਈ ਕੁਝ ਲੋਕ ਅੱਗੇ ਵਧਦੇ ਹਨ। ਗੋਲੀ ਚਲਦੀ ਹੈ। ਕੋਈ ਚੀਖ ਕੇ ਡਿੱਗਦਾ ਹੈ। ਭਿਆਨਕ ਦਹਿਸ਼ਤ ਫੈਲ ਗਈ ਹੈ।

ਸਰਗੋਧਾ ਸਿੰਘ ਪਿਛਲੇ ਕਮਰੇ ਵਿਚ ਬੈਠਾ ਹੁਣੇ ਫੋਨ ਸੁਣ ਕੇ ਹਟਿਆ ਹੈ ਇਸੇ ਕਰਕੇ ਹੱਸ ਰਿਹਾ ਹੈ। ਗੁੱਡੀ ਵੀ ਉਸ ਦੇ ਕੋਲ ਬੈਠੀ ਹੱਸ ਰਹੀ ਹੈ। ਕੂਲਰ ਦੀ ਠੰਢੀ ਹਵਾ ਮੁੱਸ ਮੁੱਸ ਕਰਦੀ ਪਰਦਿਆਂ ਸੰਗ ਚੋਹਲ ਕਰ ਰਹੀ ਹੈ। ਕਮਰਾ ਕਿੰਨਾ ਸ਼ਾਂਤ ਹੈ। ਕਿੰਨੀ ਲੰਮੀ ਚੁੱਪ ਹੈ। ਕਲਾਕ ਦਾ ਪੈਂਡੂਲਮ ਵੀ ਆਵਾਜ਼ ਪੈਦਾ ਨਹੀਂ ਕਰ ਰਿਹਾ।

ਇਸੇ ਘੜੀ ਸਰਗੋਧਾ ਸਿੰਘ ਦਾ ਵੱਡਾ ਲੜਕਾ ਸਾਹੋ-ਸਾਹ ਹੋਇਆ, ਪ੍ਰੇਸ਼ਾਨ, ਫਾੜ ਫਾੜ ਦੇਖਦੀਆਂ ਅੱਖਾਂ, ਲਗਾਤਾਰ ਬੋਲਦਾ ਅੰਦਰ ਦਾਖਲ ਹੁੰਦਾ ਹੈ, "ਅਸੀਂ ਫੂਕ ਕੇ ਰੱਖ ਦਿਆਂਗੇ...ਉਹ ਬਣੇ ਕੀ ਫਿਰਦੇ ਨੇ... ਕੋਈ ਗੱਲ ਨਈਂ...ਅਜੇ ਤਾਂ ਸ਼ੁਰੂ ਹੀ ਹੋਇਆ ਹੈ... ਹੁਣੇ ਤਾਂ ਪਤਾ ਲਗੇਗਾ ਤਾਕਤ ਦਾ...ਮੈਂ ਕਿਹਾ ਦੇਖ ਲੈਣਾ ਤੁਸੀਂ..." ਬੋਲਦਾ ਬੋਲਦਾ ਉਹ ਕਮਰੇ ਵਿਚ ਦਾਖਲ ਹੁੰਦਾ ਹੈ। ਸਰਗੋਧਾ ਸਿੰਘ ਤੇ ਗੁੱਡੀ ਨੂੰ ਹੱਸ-ਦਿਆਂ ਦੇਖਦਾ ਹੈ। "ਇਸ ਵਿਚ ਹੱਸਣ ਵਾਲੀ ਕਿਹੜੀ ਗੱਲ ਜੇ...ਭਲਾ ਤੁਸੀਂ ਜਾਂ ਆਪਣੇ ਬੰਦਿਆਂ ਨੇ ਉਹਨਾਂ ਦਾ ਵਿਗਾੜ ਕੀ ਲਿਆ...ਸਭ ਫਜ਼ੂਲ ਹੋ ਗਿਆ... ਸਗੋਂ ਆਪਣਾ ਬੰਦਾ ਮਰਵਾ ਲਿਆ ਸੂ...।"

"ਕਿਉਂ ਕੀ ਗੱਲ...ਫੋਨ ਤੇ ਤਾਂ ਦਸਿਆ ਹੈ ਕਿ ਉਹਨਾਂ ਦੀ ਦੁਕਾਨ ਸਾੜ ਕੇ ਰਾਖ ਕਰ ਦਿੱਤੀ ਸੂ।"

ਖੇਹ ਤੇ ਸੁਆਹ...ਝੂਠ! ਉਹਨਾਂ ਨੇ ਸਾਰਾ ਮਾਲ ਪਹਿਲਾਂ ਹੀ ਟਰੱਕ 'ਚ ਲੱਦ ਕੇ ਕੋਠੀ ਪੁਚਾ ਦਿਤਾ ਸੀ ...ਤੁਹਾਨੂੰ ਕੀ ਪਤਾ...ਤੁਹਾਨੂੰ ਕੀ ਪਤਾ ਸੂ ਕਿ ਉਹ ਕਿੰਨੇ ਤੇਜ਼ ਲੋਕ ਨੇ...ਹੁਣ ਸਾਰੇ ਸ਼ਹਿਰ ਵਿਚ ਕਰਫਿਊ ਲੱਗ ਗਿਆ ਈ...ਤੇ ਇਕ ਗੱਲ ਹੋਰ ਸੂ...ਪਤੈ... ਉਥੇ ਹੁਣ ਬੀਮੇ ਵਾਲੇ ਵੀ ਆ ਪੁੱਜੇ ਨੇ...ਫੋਟੋ ਲੈ ਰਹੇ ਨੇ...ਹੁਣ ਉਹ ਕਲੇਮ ਅੱਡ ਲੈਣਗੇ...ਕਿਸੇ ਅਫਸਰ ਨੇ ਫੋਨ ਕਰ ਦਿੱਤਾ...ਉਹ ਪਹਿਲਾਂ ਈ ਮੌਕਾ ਸੰਭਾਲ ਗਏ...।"

"ਕਮਾਲ ਹੈ...ਅੱਛਾ ਅੱਛਾ...ਨਈਂ ਦੀਦਾਰ ਸਿੰਘ ਨਈਂ।" ਸਰਗੋਧਾ ਸਿੰਘ ਉੱਚੀ ਤੇ ਲਮਕਵੀਂ ਆਵਾਜ਼ 'ਚ ਆਖਦਾ ਡਿੱਗ ਰਿਹਾ ਹੈ। ਦੀਦਾਰ ਸਿੰਘ ਤੇ ਗੁੱਡੀ ਉਹਨੂੰ ਸੰਭਾਲਦੇ ਹੋਏ ਮੰਜੇ 'ਤੇ ਪਾ ਦਿੰਦੇ ਹਨ।

......ਧੂੰਆਂ ਹੈ। ਉਦਾਸ ਸ਼ਹਿਰ ਹੈ। ਕਰਫਿਊ ਹੈ। ਸੜ ਚੁੱਕੀਆਂ ਦੁਕਾਨਾਂ ਦੇ ਮੰਦੇ ਹਾਲ ਮਾਲਕਾਂ ਦਾ ਹਜੂਮ ਹੈ। ਡੰਗ ਮਾਰ ਰਹੀਆਂ ਅਖਬਾਰਾਂ ਹਨ ਤੇ ਸਭ ਤੋਂ ਵੱਧ ਇਕ ਭੂਸਰੀ ਹੋਈ ਸਾਜ਼ਿਸ਼ ਹੈ ਜੋ ਲੋਕਾਂ ਦੇ ਵਰਤਮਾਨ ਤੇ ਭਵਿੱਖ ਨੂੰ ਦਰੜਦੀ ਹੋਈ ਸ਼ਹਿਰ-ਦਰ-ਸ਼ਹਿਰ ਨਿਗਲ ਰਹੀ ਹੈ।

o o o


*THE HOUSE OF FASHIONS*

# *ELITE TAILORS*

ਇਥੋਂ ਤੁਹਾਨੂੰ ਮਰਦਾਂ, ਔਰਤਾਂ ਲਈ ਰੈਡੀਮੇਡ ਕੱਪੜੇ ਮਿਲਦੇ ਹਨ ਜਿਵੇਂ ਕਿ ਮਰਦਾਂ ਲਈ ਸ਼ਰਟਾਂ, ਪੌਲੀਐਸਟਰ ਪੈਂਟਾਂ, ਤਿੰਨ ਪੀਸ ਸੂਟ, ਵੈਲਵੈਟ ਇਮੇਸ਼ਨ ਮਰਦਾਂ ਦੀਆਂ ਜੁੱਤੀਆਂ ਵੀ ਮਿਲਦੀਆਂ ਹਨ। ਲੇਡੀਜ਼ ਲਈ ਪੈਂਟਾਂ, 3 ਪੀਸ ਸੂਟ, ਵੈਲਵੈਟ ਜੈਕਟਾਂ ਆਦਿ ਵੀ ਮਿਲਦੀਆਂ ਹਨ

SATISFACTION GUARANTEED

**Please Visit Us.**

**ELITE TAILORS**
**4219 MAIN STREET**
**PHONE: 872-2276**

VISA * MAIL ORDERS ACCEPTED * master charge

**FOR YOUR INSURANCE NEEDS: SUCH AS —**

- **AUTO INSURANCE**
- **BUSINESS**
- **COMMERCIAL**
- **HOME OWNERS**
- **TRAVEL INSURANCE**


BALDEV SANGRA
PH. 321 - 6557
(604) 687-7711
PAGER: 7648

Autoplan

ਹਰ ਪਕਾਰ ਦੇ ਬੀਮੇ ਜਿਵੇਂ ਕਾਰ, ਟ੍ਰੱਕ, ਮਕਾਨ ਅਤੇ ਕੌਂਪਰ ਆਦਿ ਲਈ ਸ਼ਾਡੀਆਂ ਸੇਵਾਵਾਂ ਹਾਜ਼ਰ ਹਨ।

BENNET — SANGHRA
INSURANCE AGENCY LTD.
6553 VICTORIA DR. VAN. B.C.

# ਮਸ਼ਰੂਮ ਫ਼ਾਰਮ ਵਿੱਚ ਖੇਤ ਮਜ਼ਦੂਰਾਂ ਦੀ ਜਿੱਤ

—ਰਾਜ ਚੌਹਾਨ

ਅਪਰੈਲ 1980 ਵਿੱਚ ਕਨੇਡੀਅਨ ਫ਼ਾਰਮਵਰਕਰਜ਼ ਯੂਨੀਅਨ ਬਣਨ ਤੋਂ ਕੁਝ ਹਫ਼ਤੇ ਬਾਅਦ ਹੀ ਯੂਨੀਅਨ ਨੇ ਜੈਨਸਨ ਮਸ਼ਰੂਮ ਫ਼ਾਰਮ ਵਿੱਚ ਸਰਟੀਫ਼ੀਕੇਸ਼ਨ ਲੈਣ ਲਈ ਲੇਬਰ ਬੋਰਡ ਨੂੰ ਅਰਜ਼ੀ ਦਿੱਤੀ। ਕਨੇਡਾ ਦੇ ਇਤਿਹਾਸ ਵਿੱਚ ਇਸ ਤਰ੍ਹਾਂ ਕਿਸੇ ਫ਼ਾਰਮ ਨੂੰ ਜੱਥੇਬੰਦ ਕਰਨ ਦਾ ਇਹ ਪਹਿਲਾ ਯਤਨ ਸੀ। ਫ਼ਾਰਮਰ ਜੈਨਸਨ ਨੇ ਯੂਨੀਅਨ ਦੀ ਹੋਂਦ ਨੂੰ ਚੈਲਿੰਜ ਕੀਤਾ ਅਤੇ ਜਦ ਕੋਈ ਦਾਅ ਨਾ ਚੱਲੀ ਤਾਂ ਜਦ ਐਗਰੀਮੈਂਟ ਕਰਨ ਲਈ negotiation ਸ਼ੁਰੂ ਹੋਈ ਤਾਂ ਫ਼ਾਰਮਰ ਨੇ ਵੈਨਕੂਵਰ ਦੀ ਇੱਕ ਸੱਭ ਤੋਂ ਮਹਿੰਗੀ ਅਤੇ ਯੂਨੀਅਨ ਵਿਰੋਧੀ LAW-FIRM ਦੇ ਵਕੀਲ ਰਾਹੀਂ ਗੱਲਬਾਤ ਨੂੰ ਵੱਧ ਤੋਂ ਵੱਧ ਲਮਕਾਉਣ ਦੀ ਕੋਸ਼ਿਸ਼ ਕੀਤੀ ਤਾਂ ਕਿ ਯੂਨੀਅਨ ਕਿਸੇ ਨ ਕਿਸੇ ਤਰੀਕੇ ਨਾਲ ਟੁੱਟ ਜਾਵੇ।

ਬਾਕੀ ਮਸ਼ਰੂਮ ਫ਼ਾਰਮਰਾਂ ਨੇ ਵੀ ਇਕੱਠੇ ਹੋਕੇ ਫ਼ਾਰਮਰ ਜੈਨਸਨ ਦੀ ਮੱਦਦ ਕੀਤੀ ਕਿਉਂਕੇ ਉਹਨਾਂ ਨੂੰ ਡਰ ਸੀ ਕਿ ਜੇ ਜੈਨਸਨ ਫ਼ਾਰਮ ਵਿੱਚ ਯੂਨੀਅਨ ਕਾਮਯਾਬ ਹੋ ਗਈ ਤਾਂ ਬਾਕੀ ਫ਼ਾਰਮਾਂ ਵਿੱਚ ਯੂਨੀਅਨ ਬਣਨੀ ਆਸਾਨ ਹੋ ਜਾਵੇਗੀ। ਜੈਨਸਨ ਨੇ ਵਕੀਲ ਨੂੰ ਤਾਂ ਹਜ਼ਾਰਾਂ ਡਾਲਰ ਫ਼ੀਸ ਰਾਹੀਂ ਦੇ ਦਿੱਤੇ ਪਰ ਵਰਕਰਾਂ ਨੂੰ ਮਾਮੂਲੀ ਸਹੂਲਤਾਂ ਦੇਣ ਤੋਂ ਵੀ ਇਨਕਾਰ ਕਰਦਾ ਰਿਹਾ। ਇਥੋਂ ਤੱਕ ਕਿ ਅਖੀਰ ਨੂੰ ਉਸਨੇ ਕਾਮਿਆਂ ਨੂੰ ਤਨਖਾਹ ਵਿੱਚ ਵਾਧਾ ਦੇਣ ਦੀ ਬਜਾਇ ਤਨਖਾਹ ਘਟਾਉਣ ਦੀ ਪੇਸ਼ਕਸ਼ ਕੀਤੀ।

ਜੈਨਸਨ ਮਸ਼ਰੂਮ ਫ਼ਾਰਮ ਫ਼ਰੇਜ਼ਰ ਵੈਲੀ ਵਿੱਚ ਸੱਭ ਤੋਂ ਵੱਡਾ ਖੁੰਬਾਂ ਦਾ ਫ਼ਾਰਮ ਹੈ। ਜੁਲਾਈ 1980 ਵਿੱਚ ਜਦ ਯੂਨੀਅਨ ਨੇ ਇਸ ਫ਼ਾਰਮ ਵਿੱਚ ਸਰਟੀਫ਼ੀਕੇਸ਼ਨ ਜਿੱਤੀ ਤਾਂ ਉਸ ਵਕਤ ਤਕਰੀਬਨ 50 ਵਰਕਰ ਇਥੇ ਕੰਮ ਕਰਦੇ ਸਨ। ਜਿਨ੍ਹਾਂ ਵਿੱਚ ਤਕਰੀਬਨ 40 ਪੰਜਾਬੀ ਔਰਤਾਂ ਸਨ। ਇਹਨਾਂ ਪੰਜਾਬੀ ਭੈਣਾਂ ਨੇ ਬੜੀ ਸਿਆਣਪ ਅਤੇ ਦਲੇਰੀ ਤੋਂ ਕੰਮ ਲੈਂਦਿਆਂ ਹੋਇਆਂ ਆਪਣੇ ਆਪ ਨੂੰ ਜੱਥੇਬੰਦ ਕੀਤਾ। ਉਹਨਾਂ ਨੇ ਇਹ ਸਿੱਧ ਕਰ ਦਿੱਤਾ ਕਿ ਆਪਣੇ ਹੱਕ ਲੈਣ ਲਈ ਪੰਜਾਬੀ ਔਰਤਾਂ ਕਿਸੇ ਨਾਲੋਂ ਪਿੱਛੇ ਨਹੀਂ ਹਨ ਅਤੇ ਉਹਨਾਂ ਨੇ ਬਾਕੀ ਕਾਮਿਆਂ ਲਈ ਇਹ ਮਿਸਾਲ ਕਾਇਮ ਕਰ ਦਿੱਤੀ ਹੈ, ਜਿਸ ਨਾਲ ਹੋਰ ਕਾਮਿਆਂ ਨੂੰ ਵੀ ਆਪਣੇ ਹੱਕ ਲੈਣ ਲਈ ਇਕੱਠੇ ਹੋਕੇ ਜੂਝਣ ਦੀ ਪ੍ਰੇਰਣਾ ਮਿਲੇਗੀ।

9 ਮਹੀਨੇ ਲਗਾਤਾਰ NEGOTIATIONS ਤੋਂ ਬਾਅਦ ਜਦ ਗੱਲਬਾਤ ਕਿਸੇ ਸਿੱਟੇ 'ਤੇ ਨਾ ਪਹੁੰਚੀ ਤਾਂ ਅਖੀਰ ਨੂੰ ਯੂਨੀਅਨ ਨੇ 14 ਅਪਰੈਲ, 1981 ਨੂੰ ਇਸ ਫ਼ਾਰਮ ਵਿੱਚ ਹੜਤਾਲ ਕਰ ਦਿੱਤੀ। ਵਰਕਰਾਂ ਨੇ ਦਿਨੇ ਰਾਤ 24 ਘੰਟੇ ਪਿਕਟ ਲਾਈ, ਜਿਸਤੋਂ ਮਜਬੂਰ ਹੋਕੇ ਮਿ: ਜੈਨਸਨ ਨੂੰ ਫ਼ਾਰਮ ਮੁਕੰਮਲ ਤੌਰ 'ਤੇ ਬੰਦ ਕਰਨਾ ਪਿਆ। ਵਰਕਰਾਂ ਤੋਂ ਇਲਾਵਾ ਹੋਰ ਅਗਾਂਹਵਧੂ ਜੱਥੇਬੰਦੀਆਂ ਤੇ ਟਰੇਡ ਯੂਨੀਅਨ ਦੇ ਮੈਂਬਰਾਂ ਨੇ ਵੀ ਬੜੀ ਜ਼ਿੰਮੇਵਾਰੀ ਨਾਲ ਪਿਕਟ ਡਿਊਟੀਆਂ ਨਿਭਾਈਆਂ।

ਪਿਕਟ ਲਾਈਨ 'ਤੇ ਕਈ ਅਜਿਹੇ ਹਾਦਸੇ ਵੀ ਹੋਏ, ਜਿਸ ਨਾਲ ਕਿਸੇ ਵੀ ਇਨਸਾਨ ਦਾ ਦਿਲ ਬੜੀ ਆਸਾਨੀ ਨਾਲ ਟੁੱਟ ਸਕਦਾ ਸੀ। ਜਿਵੇਂ ਕਿ ਪਿਕਟ ਡਿਊਟੀ ਤੇ ਖੜੇ ਵਰਕਰਾਂ ਨੂੰ ਫ਼ਾਰਮਰ ਦੇ ਦੋਸਤਾਂ ਵਲੋਂ ਲਗਾਤਾਰ ਤੰਗ ਕਰਨਾ; ਰਾਤ ਨੂੰ ਪਿਕਟ ਟਰੱਕ 'ਤੇ ਵੱਟੇ ਮਾਰਨੇ; ਇਥੋਂ ਤੱਕ ਕਿ ਇੱਕ ਰਾਤ ਨੂੰ ਕਿਸੇ ਨੇ, ਜਦ ਵਰਕਰ ਪਿਕਟ ਟਰੱਕ ਦੇ ਅੰਦਰ ਸੀ, ਕੈਂਪਰ ਨੂੰ ਅੱਗ ਲਗਾ ਦਿੱਤੀ ਪਰ ਮੌਕੇ ਸਿਰ ਅੱਗ ਬੁਝਾਉਣ ਨਾਲ ਕੋਈ ਮਾੜੀ ਦੁਰਘਟਨਾ ਹੋਣ ਤੋਂ ਬਚਤ ਹੋ ਗਈ। ਯੂਨੀਅਨ ਨੇ ਖ਼ਾਸ ਤੌਰ 'ਤੇ ਇਹ ਯਤਨ ਕੀਤਾ ਕਿ ਕਾਮਿਆਂ ਨੂੰ ਹਰ ਪੱਖੋਂ ਜੱਦੋ-ਜਹਿਦ ਲਈ ਤਿਆਰ ਕੀਤਾ ਜਾਵੇ। ਪਿਕਟ ਲਾਈਨ ਉਤੇ ਵਰਕਰਾਂ ਨੂੰ ਕਨੇਡਾ ਦੀ ਲੇਬਰ ਹਿਸਟਰੀ ਬਾਰੇ ਲਗਾਤਾਰ ਜਾਣਕਾਰੀ ਦਿੱਤੀ ਗਈ ਅਤੇ ਦੱਸਿਆ ਗਿਆ ਕਿ ਕਿਸ ਤਰ੍ਹਾਂ ਔਖੇ ਹੋਕੇ ਵਰਕਰਾਂ ਨੇ ਆਪਣੇ ਹੱਕ ਜਿੱਤੇ। ਇਸ ਤਰ੍ਹਾਂ ਵਰਕਰਾਂ ਦੇ ਹੌਸਲੇ ਸਦਾ ਬੁਲੰਦ ਰਹੇ।

ਕਨੇਡੀਅਨ ਫ਼ਾਰਮਵਰਕਰਜ਼ ਯੂਨੀਅਨ (CFU) ਨੂੰ ਬਾਕੀ ਯੂਨੀਅਨਾਂ, ਜੱਥੇਬੰਦੀਆਂ ਅਤੇ ਅਗਾਂਹਵਧੂ ਕਨੇਡੀਅਨ ਭਰਾਵਾਂ ਵਲੋਂ ਮਿਲੇ ਮੱਦਦ ਦੇ ਭਰਵੇਂ ਹੁੰਗਾਰੇ ਨੇ ਫ਼ਾਰਮਰ ਜੈਨਸਨ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਕਿ ਇਸ ਜਦੋਜਹਿਦ ਵਿੱਚ CFU ਇਕੱਲੀ ਨਹੀਂ ਹੈ ਅਤੇ ਬਿਜ਼ਨਸ ਮੁੜ ਸ਼ੁਰੂ ਕਰਨ ਲਈ ਉਸਨੂੰ CFU ਨਾਲ ਸਮਝੌਤਾ ਕਰਨਾ ਹੀ ਪੈਣਾ ਹੈ। ਜੈਨਸਨ ਨੇ ਆਪਣੇ ਨਵੇਂ ਵਕੀਲ ਰਾਹੀਂ ਗੱਲਬਾਤ ਮੁੜ ਸ਼ੁਰੂ ਕੀਤੀ ਅਤੇ 15 ਮਹੀਨੇ ਦੀ ਲੰਬੀ ਹੜਤਾਲ ਤੋਂ ਬਾਅਦ ਮਿ: ਜੈਨਸਨ ਨੇ CFU ਅੱਗੇ ਗੋਡੇ ਟੇਕ ਦਿੱਤੇ ਅਤੇ 30 ਜੁਲਾਈ 1982 ਨੂੰ ਐਗਰੀਮੈਂਟ ਉੱਪਰ ਦਸਖ਼ਤ ਕਰ ਦਿੱਤੇ।

ਇਸ ਫ਼ਾਰਮ ਵਿੱਚ ਅੱਗੇ ਤੋਂ ਸਿਰਫ਼ CFU ਦੇ ਮੈਂਬਰ ਹੀ ਕੰਮ ਕਰ ਸਕਣਗੇ, ਜੋ ਮੈਂਬਰ ਨਹੀਂ ਉਹਨਾਂ ਨੂੰ 10 ਦਿਨ ਦੇ ਅੰਦਰ ਅੰਦਰ ਮੈਂਬਰ ਬਣਨਾ ਪਵੇਗਾ। ਘੰਟਿਆਂ 'ਤੇ ਕੰਮ ਕਰਨ ਵਾਲਿਆਂ ਨੂੰ 7 ਡਾਲਰ ਪ੍ਰਤੀ ਘੰਟਾ ਅਤੇ ਮਸ਼ਰੂਮ ਪਿਕਰਾਂ ਨੂੰ ਇੱਕ ਟੱਬ ਦੇ 3 ਡਾਲਰ 85 ਸੈਂਟ ਮਿਲਣਗੇ। ਇੱਕ ਟੱਬ ਵਿੱਚ ਵੱਧ ਤੋਂ ਵੱਧ 20 ਪੌਂਡ ਮਸ਼ਰੂਮ ਹੋ ਸਕਦੀਆਂ ਹਨ। ਓਵਰ ਟਾਈਮ ਵਿੱਚ ਹਰੇਕ ਟੱਬ ਦੇ 1 ਡਾਲਰ 75 ਸੈਂਟ ਹੋਰ ਵੱਧ ਮਿਲਣਗੇ। ਸਾਲ ਵਿੱਚ 10 ਛੁੱਟੀਆਂ ਸਮੇਤ ਤਨਖਾਹ ਹੋਣਗੀਆਂ। ਵਰਕਰਾਂ ਨੂੰ ਸੀਨੀਔਰਿਟੀ ਮੁਤਾਬਕ ਕੰਮ ਮਿਲੇਗਾ।

ਇਸਦੇ ਨਾਲ ਨਾਲ ਹਰ ਸਾਲ 6 ਅਪਰੈਲ ਨੂੰ ਸਮੇਤ ਤਨਖਾਹ ਛੁੱਟੀ ਹੋਇਆ ਕਰੇਗੀ। 6 ਅਪ੍ਰੈਲ 1980 ਨੂੰ ਕਨੇਡਾ ਦੇ ਇਤਿਹਾਸ ਵਿੱਚ ਪਹਿਲੀ ਵਾਰ ਫ਼ਾਰਮਵਰਕਰਾਂ ਦੀ ਯੂਨੀਅਨ CFU ਬਣੀ ਸੀ। 6 ਅਪ੍ਰੈਲ ਦਾ ਦਿਨ "ਫ਼ਾਰਮਵਰਕਰਜ਼ ਦਿਵਸ" ਦੇ ਨਾਉਂ ਨਾਲ ਜਾਣਿਆ ਜਾਵੇਗਾ। ਇਹ ਇਕ ਬਹੁਤ ਮਹੱਤਵਪੂਰਨ ਜਿੱਤ ਹੈ ਕਿਉਂਕੇ ਇਸ ਨਾਲ ਬਾਕੀ ਫ਼ਾਰਮਰ ਵੀ ਸਮਝ ਜਾਣਗੇ ਕਿ ਕਨੇਡੀਅਨ ਫ਼ਾਰਮਵਰਕਰਜ਼ ਯੂਨੀਅਨ ਇੱਕ ਸਚਾਈ ਹੈ ਅਤੇ ਇਸ ਨਾਲ ਇੱਕ ਨ ਇੱਕ ਦਿਨ ਉਹਨਾਂ ਨੂੰ ਗੱਲਬਾਤ ਕਰਨੀ ਹੀ ਪੈਣੀ ਹੈ।

ਕਿਸੇ ਵੀ ਯੂਨੀਅਨ ਲਈ ਹੜਤਾਲ ਸ਼ੁਰੂ ਕਰਨਾ ਕੋਈ ਛੋਟੀ ਮੋਟੀ ਗੱਲ ਨਹੀਂ ਹੁੰਦੀ। ਖ਼ਾਸ ਕਰਕੇ ਇੱਕ ਨਵੀਂ ਯੂਨੀਅਨ ਲਈ ਇਹ ਹੋਰ ਵੀ ਮੁਸ਼ਕਲ ਹੁੰਦਾ ਹੈ ਕਿਉਂਕੇ ਸਾਧਨ ਬੜੇ ਸੀਮਤ ਹੁੰਦੇ ਹਨ। CFU ਲਈ ਇਹ ਇੱਕ ਟੈਸਟ ਸੀ। ਪਹਿਲੀ ਹੜਤਾਲ ਹੋਣ ਕਰਕੇ ਯੂਨੀਅਨ ਉੱਪਰ ਹਰ ਪੱਖੋਂ ਦਬਾਅ ਪਿਆ ਸੀ ਤੇ ਇਸਦੇ ਨਾਲ ਹੀ CFU ਦੀ ਇੱਕ ਹੋਰ ਹੜਤਾਲ "ਕੰਟਰੀ ਫ਼ਾਰਮ, ਰਿਚਮੰਡ" ਵਿੱਚ ਵੀ ਚੱਲ ਰਹੀ ਸੀ। ਵਰਕਰਾਂ ਦੀ

ਹੜਤਾਲ ਦੌਰਾਨ ਤਨਖਾਹ (STRIKE PAY) ਅਤੇ ਹੋਰ ਸਬੰਧਤ ਖਰਚੇ, ਜੋ ਕਿ ਹਜ਼ਾਰਾਂ ਹੀ ਡਾਲਰ ਬਣਦੇ ਸਨ, ਜੇਕਰ ਯੂਨੀਅਨ ਨੇ ਇਕੱਲਿਆਂ ਇਕੱਠੇ ਕਰਨੇ ਹੁੰਦੇ ਤਾਂ ਸ਼ਾਇਦ ਇਹ ਹੜਤਾਲ ਕਾਮਯਾਬ ਨਾ ਹੁੰਦੀ। ਬਹੁੱਤ ਸਾਰੇ ਅਗਾਂਹਵਧੂ ਲੋਕਾਂ ਨੇ, ਯੂਨੀਅਨਾਂ ਅਤੇ ਹੋਰ ਜੱਥੇਬੰਦੀਆਂ ਨੇ ਹਰ ਸੰਭਵ ਤਰੀਕੇ ਨਾਲ ਯੂਨੀਅਨ ਦੀ ਮੱਦਦ ਕਰਕੇ ਇਸ ਘੋਲ ਵਿੱਚ ਸ਼ਾਨਦਾਰ ਹਿੱਸਾ ਪਾਇਆ।

ਸਾਨੂੰ ਪੂਰੀ ਉਮੀਦ ਹੈ ਕਿ ਹੋਰ ਫਾਰਮਾਂ ਵਿੱਚ ਕੰਮ ਕਰਨ ਵਾਲੇ ਕਾਮੇ ਵੀ ਆਪਣੀਆਂ ਤਨਖਾਹਾਂ ਅਤੇ ਕੰਮ ਕਰਨ ਦੀਆਂ ਹਾਲਤਾਂ ਵਿੱਚ ਸੁਧਾਰ ਕਰਨ ਲਈ CFU ਦੇ ਜ਼ਰੂਰ ਮੈਂਬਰ ਬਨਣਗੇ। ਆਪਣੇ ਹੱਕ ਜਿੱਤਣ ਲਈ ਮਜ਼ਦੂਰ ਜਮਾਤ ਨੂੰ ਹਮੇਸ਼ਾ ਹੀ ਇਕੱਠੇ ਹੋਕੇ ਇੱਕ ਸਾਂਝੀ ਆਵਾਜ਼ ਰਾਹੀਂ ਜਦੋਜਹਿਦ ਕਰਨੀ ਪੈਂਦੀ ਹੈ। ਅਸੀਂ ਕਨੇਡਾ ਦੇ ਖੇਤ ਮਜ਼ਦੂਰ ਆਪਣੀ ਜ਼ਿੰਦਗੀ ਨੂੰ ਸੁਧਾਰਨ ਲਈ ਅਤੇ ਆਪਣੇ ਜਾਇਜ਼ ਹੱਕਾਂ ਲਈ ਹਰ ਸੰਭਵ ਘੋਲ ਕਰਨ ਤੋਂ ਕਦੇ ਝਿਜਕ ਨਹੀਂ ਕਰਾਂਗੇ।

ਇਸ ਜਦੋਜਹਿਦ ਵਿੱਚ ਸਾਡੀ ਮੱਦਦ ਕਰਨ ਵਾਲੇ ਹਰ ਉਸ ਭੈਣ ਭਰਾ ਨੂੰ ਅਸੀਂ ਜੀ-ਆਇਆਂ ਆਖਦੇ ਹਾਂ, ਜੋ ਇਹ ਸਮਝਦੇ ਹਨ ਕਿ ਖੇਤ ਮਜ਼ਦੂਰ ਵੀ ਮਜ਼ਦੂਰ ਹਨ ਅਤੇ ਇਹਨਾਂ ਨੂੰ ਵੀ ਉਹੀ ਹੱਕ ਮਿਲਣੇ ਚਾਹੀਦੇ ਹਨ ਜੋ ਇਸ ਮੁਲਕ ਦੇ ਬਾਕੀ ਮਜ਼ਦੂਰਾਂ ਨੂੰ ਪ੍ਰਾਪਤ ਹਨ।

o o o

## VICTORY CELEBRATIONS

### ਅਗਸਤ 20, 1982

ਪਿਛਲੇ ਕੁਛ ਸਮੇਂ ਵਿੱਚ ਖੇਤ ਮਜ਼ਦੂਰਾਂ ਦੀਆਂ ਜਿੱਤਾਂ, ਜਿਵੇਂ ਕਿ ਵਰਕਰਜ਼ ਕੰਪਨਸੇਸ਼ਨ (WCB) ਦਾ ਲਾਗੂ ਹੋਣਾਂ; ਕੈਬਨਾਂ ਵਿੱਚ ਜਾਣ ਦੀ ਇਜਾਜ਼ਤ; ਅਤੇ ਜੈਨਸਨ ਮਸ਼ਰੂਮ ਫਾਰਮ ਨਾਲ ਸਮਝੌਤਾ ਆਦਿ, ਦੀ ਖੁਸ਼ੀ ਵਿੱਚ ਇੱਕ ਰੰਗਾਰੰਗ ਪ੍ਰੋਗਰਾਮ ਕੀਤਾ ਜਾ ਰਿਹਾ ਹੈ।

**ਜਗ੍ਹਾ :—** ਲੀਜਨ ਹਾਲ, 727 - E. 49th ਐਵੇਨਿਊ, ਵੈਨਕੂਵਰ
(49 ਐਵੇਨਿਊ ਤੇ ਫਰੇਜ਼ਰ ਸਟਰੀਟ ਦੇ ਕਾਰਨਰ 'ਤੇ)

ਸਮਾਂ: 8 P.M.

* ਗਿੱਧਾ * ਜਿਪਸੀ ਡਾਂਸ * ਅਤੇ ਹੋਰ ਗੀਤ ਸੰਗੀਤ

ਟਿਕਟ: **5** ਡਾਲਰ; ਬੇਰੁਜ਼ਗਾਰਾਂ ਲਈ ਸਿਰਫ **4** ਡਾਲਰ

ਹੋਰ ਜਾਣਕਾਰੀ ਲਈ ਫੋਨ ਕਰੋ: **430-6055**

ਕਨੇਡੀਅਨ ਫਾਰਮਵਰਕਰਜ਼ ਯੂਨੀਅਨ

**DOSANJH & PIRANI**
LAWYERS

ਐਕਸੀਡੈਂਟਾਂ ਵਿੱਚ ਸੱਟਾਂ ਲੱਗਣ ਤੇ ਇਨਸ਼ੋਰੈਂਸ ਦੇ ਕੇਸਾਂ ਲਈ ਫੋਨ ਕਰੋ ਅਤੇ ਮਿਲੋ:

ਵਕੀਲ **ਉਜੱਲ ਦੋਸਾਂਝ** ਅਤੇ **ਮਹਿਬੂਬ ਪਿਰਾਨੀ**

**#202-5887 Victoria Dr. Van. B.C**
**PH: 327-6381**

**VICON MEDIC PHARMACY**

ਵਾਈਕਾਨ ਫਾਰਮੇਸੀ ਤੁਹਾਡੀ ਸਹੂਲਤ ਲਈ 6407 MAIN ST. ਤੇ ਖੁੱਲ੍ਹ ਗਿਆ ਹੈ। ਇਥੇ ਤੁਸੀਂ ਦਵਾਈਆਂ ਅਤੇ ਹੋਰ ਮੈਡੀਕਲ ਸਮਾਨ ਬਹੁਤ ਹੀ ਸਸਤੀਆਂ ਕੀਮਤਾਂ ਤੇ ਖਰੀਦ ਸਕਦੇ ਹੋ। ਖੁਦ ਆਓ ਤੇ ਅਜ਼ਮਾ ਕੇ ਵੇਖੋ।

**TEL: 324-3177**

KENNY K. H. NG B.Sc. (PHARM.) R.P.E.B.C.

PAUL C. Y. FU B.Sc. (PHARM.) R.P.E.B.C.

**6407 MAIN ST.**
**VANCOUVER, B.C.**

# ਇੱਜ਼ਤਾਂ ਦੀ ਰਾਖੀ

ਰਾਜਾ ਧਗਾੜ

ਨਿਰਮਲ ਸਿੰਘ ਜੱਦਾਂ ਸਿੰਘ ਵਾਲੇ ਠਾਣੇਦਾਰ ਸ: ਸੰਤ ਸਿੰਘ ਦਾ ਇਕਲੌਤਾ ਅਤੇ ਲਾਡਲਾ ਪੁੱਤਰ ਸੀ। ਘਰੋਂ ਜ਼ਮੀਨ ਕਾਫੀ ਅਤੇ ਮਾਲੀ ਹਾਲਤ ਚੰਗੀ ਹੋਣ ਦੇ ਨਾਲ ਨਾਲ ਸਰਦਾਰ ਸਾਹਿਬ ਦੀ ਆਪਣੀ ਆਮਦਨ ਵੀ ਕਾਫੀ ਸੀ। ਸਰਦਾਰ ਸਾਹਿਬ ਦਾ ਆਪਣਾ ਖਰਚ ਤਾਂ ਬਾਹਰੋਂ ਅੰਦਰੋਂ ਹੀ ਚਲਦਾ ਰਹਿੰਦਾ ਸੀ। ਘਰ ਵਿੱਚ ਖਰਚ ਕਰਨ ਤੇ ਖਾਣ ਪੀਣ ਵਾਲਾ ਸਿਰਫ ਨਿਰਮਲ ਹੀ ਸੀ। ਇਕਲੌਤਾ ਅਤੇ ਲਾਡਲਾ ਹੋਣ ਕਰਕੇ ਠਾਣੇਦਾਰ ਸਾਹਿਬ ਨੇਂ ਆਪਣੇ ਪੁੱਤਰ ਨੂੰ ਕਦੇ ਵੀ ਕਿਸੇ ਗੱਲੋਂ ਰੋਕਿਆ ਵਰਜਿਆ ਨਹੀਂ ਸੀ। ਨਿਰਮਲ ਨੂੰ ਘਰ ਵਿੱਚ ਹਰ ਚੀਜ਼ ਮਿਲਦੀ ਸੀ ਅਤੇ ਬਾਹਰ ਖਰਚਣ ਲਈ ਖੁਲ੍ਹੇ ਪੈਸੇ ਮਿਲਦੇ ਸਨ। ਪਿਉ ਦੇ ਠਾਣੇਦਾਰੀ ਰੋਹਬ ਅਤੇ ਖੁਲ੍ਹੇ ਖਰਚ ਨੇ ਨਿਰਮਲ ਦੀਆਂ ਆਦਤਾਂ ਬਚਪਨ ਤੋਂ ਖਰਾਬ ਕਰਨੀਆਂ ਸ਼ੁਰੂ ਕਰ ਦਿੱਤੀਆਂ ਸਨ ਅਤੇ ਕਾਲਜ ਪਹੁੰਚਣ ਤੱਕ ਉਹ ਕਿੰਨੀਆਂ ਹੀ ਮਾੜੀਆਂ ਆਦਤਾਂ ਦਾ ਸ਼ਿਕਾਰ ਹੋ ਚੁੱਕਾ ਸੀ।

ਕਾਲਜ ਪਹੁੰਚਦੇ ਹੀ ਉਸਨੂੰ ਆਪਣੇ ਵਰਗੇ ਕਿੰਨੇ ਹੀ ਹੋਰ ਦੋਸਤ ਮਿਲ ਗਏ ਜਿੰਨ੍ਹਾਂ ਦੀ ਦੋਸਤੀ ਦੇ ਨਾਲ ਨਾਲ ਉਸਨੂੰ ਹਰ ਤਰਾਂ ਦੇ ਨਸ਼ੇ ਭੰਗ, ਅਫੀਮ ਸਿਗਰਟ ਆਦਿ ਦੀਆਂ ਆਦਤਾਂ ਵੀ ਪੈ ਗਈਆਂ। ਮੋਗੇ ਦੇ ਕਾਲਜ ਵਿੱਚ ਪੜ੍ਹਦਾ ਉਹ ਘੱਟ ਅਤੇ ਸ਼ਹਿਰਦੀਆਂ ਜ਼ਿਆਦਾ ਮਿਣਦਾ ਸੀ। ਮੋਗੇ ਥਾਣੇ ਵਿੱਚ ਲੱਗੇ ਕਈ ਪੁਲਸੀਏ ਠਾਣੇਦਾਰ ਸੰਤ ਸਿੰਘ ਦੇ ਅਧੀਨ ਨੌਕਰੀ ਕਰ ਚੁੱਕੇ ਸਨ ਇਸ ਲਈ ਉਹ ਨਿਰਮਲ ਸਿੰਘ ਨੂੰ ਵੀ ਜਾਣਦੇ ਸਨ। ਪੁਲਸੀਆਂ ਦੀ ਜਾਣ-ਪਛਾਣ ਤੇ ਦੋਸਤੀ ਨੇ ਨਿਰਮਲ ਨੂੰ ਹੋਰ ਵੀ ਚਾਰ ਚੰਨ ਲਾ ਦਿੱਤੇ ਤੇ ਕੁਝ ਦਿਨਾਂ ਵਿੱਚ ਹੀ ਉਹ ਆਪਣੀ ਮੰਡਲੀ ਦਾ ਸਰਦਾਰ ਬਣ ਗਿਆ। ਹੁਣ ਨਿਰਮਲ ਦਾ ਕੰਮ ਸਿਰਫ ਸ਼ਹਿਰ ਦੀਆਂ ਸੜਕਾਂ ਉਪਰ ਅਵਾਰਾ ਗਰਦੀ ਕਰਨੀ, ਕੁੜੀਆਂ ਨੂੰ ਛੇੜ-ਛਾੜ, ਮਖੌਲ ਬਾਜ਼ੀ ਤੇ ਜਾਂ ਫਿਰ ਲੜਾਈ ਝਗੜੇ ਕਰਨਾਂ ਹੀ ਰਹਿ ਗਿਆ ਸੀ। ਤਿੰਨ ਸਾਲ ਕਾਲਜ ਜਾਣ ਤੋਂ ਬਾਦ ਵੀ ਉਹ ਪ੍ਰੈਪ ਪਾਸ ਨਾਂ ਕਰ ਸਕਿਆ। ਹੁਣ ਤਾਂ ਉਸਨੇ ਕਾਲਜ ਜਾਣਾ ਹੀ ਛੱਡ ਦਿਤਾ ਸੀ। ਇੱਕ ਦਿਨ ਠਾਣੇਦਾਰ ਸਾਹਿਬ ਨੇਂ ਨਿਰਮਲ ਨੂੰ ਘਰ ਰਹਿਕੇ ਘਰ ਦਾ ਕੰਮ ਖੇਤੀਬਾੜੀ ਕਰਨ ਲਈ ਆਖਿਆ ਨਿਰਮਲ ਦੀ ਮੰਗ ਉੱਪਰ ਠਾਣੇਦਾਰ ਨੇਂ ਉਸਨੂੰ ਟ੍ਰੈਕਟਰ ਵੀ ਲੈ ਦਿੱਤਾ। ਕੁਝ ਚਿਰ ਹੀ ਨਿਰਮਲ ਘਰ ਵਿੱਚ ਟਿਕ ਸਕਿਆ ਫਿਰ ਯਾਰਾਂ ਦੀ ਯਾਦ ਤੇ ਸ਼ਹਿਰ ਦੀਆਂ ਸੜਕਾਂ ਉਸਨੂੰ ਸ਼ਹਿਰ ਵਿੱਚ ਖਿੱਚ ਲਿਆਈਆਂ।

ਉਹਨਾਂ ਦਿਨਾਂ ਵਿੱਚ ਲੋਕ ਕੈਨੇਡਾ ਨੂੰ ਆਉਂਦੇ ਸਨ ਨਿਰਮਲ ਨੇਂ ਵੀ ਛੇਤੀ ਹੀ ਪਾਸਪੋਰਟ ਬਣਵਾਇਆ ਅਤੇ ਇੱਕ ਮੋਗੇ ਦੇ ਏਜੰਟ ਰਾਹੀਂ ਕੈਨੇਡਾ ਪਹੁੰਚ ਗਿਆ। ਕਨੇਡਾ ਵਿੱਚ ਪੈਸੇ ਆਮ ਤੇ ਸ਼ਰਾਬ ਸਸਤੀ ਸੀ ਜਿਸ ਨਾਲ ਕਨੇਡਾ ਦੀ ਅਜ਼ਾਦੀ ਤੇ ਸ਼ਰਾਬ ਨੇਂ ਉਸਦੀਆਂ ਇੰਡੀਆਂ ਵਾਲੀਆਂ ਆਦਤਾਂ ਨੂੰ ਹੋਰ ਵਧ ਕਰਨ ਵਿੱਚ ਮਦਦ ਕੀਤੀ। ਘਰ ਦਾ ਉਸਨੂੰ ਕੋਈ ਫਿਕਰ ਨਹੀਂ ਸੀ ਇਥੇ ਉਹ ਜਿੰਨੇ ਵੀ ਡਾਲਰ ਕਮਾਉਂਦਾ ਸ਼ਰਾਬ ਅਤੇ ਗਸ਼ਤੀਆਂ ਦੇ ਮੂੰਹ ਉਤਾ ਛੱਡਦਾ ਸੀ। ਹਰ ਰਾਤ ਉਸ ਨਾਲ ਕੋਈ ਨਾਂ ਕੋਈ ਗੋਰੀ ਹੁੰਦੀ। ਸ਼ਰਾਬ ਤਾਂ ਉਸਦਾ ਜੀਵਨ ਬਣ ਚੁੱਕੀ ਸੀ ਅੱਜ ਉਸਨੂੰ ਕੈਨੇਡਾ ਆਏ ਨੂੰ ਤਿੰਨ ਸਾਲ ਹੋ ਚਲੇ ਸਨ। ਅਜ ਨਿਰਮਲ ਨੂੰ ਠਾਣੇਦਾਰ ਦੀ ਚਿੱਠੀ ਆਈ ਸੀ ਉਨ੍ਹਾਂ ਨਿਰਮਲ ਦੇ ਵਿਆਹ ਬਾਬਤ ਲਿਖਿਆ ਸੀ ਕੁੜੀ ਉਹਨਾਂ ਪਸੰਦ ਕੀਤੀ ਹੋਈ ਸੀ ਬਸ ਨਿਰਮਲ ਦੀ ਹੀ ਉਡੀਕ ਸੀ ਕਦੋਂ ਆਏ ਹਾਂ ਕਰੇ ਅਤੇ ਵਿਆਹ ਹੋਵੇ। ਨਿਰਮਲ ਨੇਂ ਇੰਡੀਆ ਜਾਣ ਦਾ ਮਨ ਬਣਾ ਲਿਆ ਅਤੇ ਤਿਆਰੀ ਕਰ ਦਿੱਤੀ ਅਗਲੇ ਹੀ ਹਫਤੇ ਨਿਰਮਲ ਇੰਡੀਆ ਪਹੁੰਚ ਗਿਆ। ਨਿਰਮਲ ਨਾਲ ਗੱਲ ਕਰਕੇ ਉਸਦੀ ਮੰਮੀ ਨੇਂ ਕੁੜੀ ਵੇਖਣ ਦੀ ਸਲਾਹ ਕਰਕੇ ਕੁੜੀ ਦੇ ਘਰ ਦਿਆਂ ਨਾਲ ਦਿਨ ਨਿਸ਼ਚਤ ਕਰ ਲਿਆ। ਐਤਵਾਰ ਨਿਰਮਲ ਉਸਦਾ ਇੱਕ ਦੋਸਤ ਤੇ ਠਾਣੇਦਾਰਨੀ ਤਾਲੇ ਪਹੁੰਚ ਗਏ। ਹਰਪ੍ਰੀਤ ਸੋਹਣੀ ਸੁਨੱਖੀ ਗੋਰਾ ਰੰਗ, ਮੋਟੀਆਂ ਮੋਟੀਆਂ ਅੱਖਾਂ ਤੇ ਭਰਪੂਰ ਜਵਾਨੀ ਦੇ ਨਾਲ B.A. ਪਾਸ ਸੁਚਿਆਰ ਸੀ। ਨਿਰਮਲ ਨੇ ਹਰਪ੍ਰੀਤ ਨੂੰ ਪਸੰਦ ਕਰਕੇ ਹਾਂ ਕਰ ਦਿੱਤੀ ਤੇ ਉਹ ਸ਼ਗਨ ਦੇ ਕੇ ਘਰ ਆ ਗਏ। ਕੁਝ ਦਿਨਾਂ ਬਾਦ ਹੀ ਵਿਆਹ ਹੋ ਗਿਆ ਤੇ ਹਰਪ੍ਰੀਤ ਨਿਰਮਲ ਦੀ ਦੁਲਹਨ ਬਣਕੇ ਨਿਰਮਲ ਦੇ ਘਰ ਆ ਗਈ।

ਨਿਰਮਲ ਹਰਪ੍ਰੀਤ ਨੂੰ ਲੈ ਕੇ ਕੈਨੇਡਾ ਆ ਗਿਆ ਕੁਝ ਚਿਰ ਤਾਂ ਉਹਨਾਂ ਦਾ ਪਿਆਰ ਉਸੇ ਤਰ੍ਹਾਂ ਹੀ ਰਿਹਾ। ਪਰ ਫਿਰ ਹੌਲੀ ਹੌਲੀ ਨਿਰਮਲ ਮੁੜ ਆਪਣੀਆਂ ਪੁਰਾਣੀਆਂ ਆਦਤਾਂ ਉਪਰ ਆਉਣ ਲੱਗ ਪਿਆ। ਹੁਣ ਉਹ ਹਰ ਰੋਜ਼ ਸ਼ਰਾਬ ਦੇ ਨਸ਼ੇ ਵਿੱਚ ਚੂਰ ਰਾਤ ਨੂੰ 12-1 ਵਜੇ ਘਰ ਆਉਣ ਲੱਗਾ। ਜੇ ਹਰਪ੍ਰੀਤ ਰੋਕਦੀ ਤਾਂ ਉਸਨੂੰ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੰਦਾ। ਗੱਲ ਗਾਲ੍ਹਾਂ ਤੋਂ ਵਧ ਕੇ ਕੁੱਟ-ਮਾਰ ਤੱਕ ਪਹੁੰਚ ਗਈ। ਹਰਪ੍ਰੀਤ ਵਿਚਾਰੀ ਸਭ ਕੁਝ ਦਿਲ ਵਿੱਚ ਜਰੀ ਜਾਂਦੀ ਸੀ। ਉਹ ਨਿਰਮਲ ਨੂੰ ਸਮਝਾਉਣ ਦੀ ਬਹੁਤ ਕੋਸ਼ਿਸ਼ ਕਰਦੀ ਪਰ ਸਭ ਬੇਅਰਥ ਜਾਂਦੀ। ਸਾਲ ਬਾਦ ਹਰਪ੍ਰੀਤ ਨੇ ਇੱਕ ਚੰਨ ਵਰਗੇ ਲੜਕੇ ਨੂੰ ਜਨਮ ਦਿੱਤਾ। ਹਰਪ੍ਰੀਤ ਨੇਂ ਸੋਚਿਆ ਕਿ ਸ਼ੈਦ ਹੁਣ ਹੀ ਨਿਰਮਲ ਸਮਝ ਜਾਏਗਾ ਪਰ ਨਿਰਮਲ ਦੇ ਵਿਹਾਰ ਵਿੱਚ ਕੋਈ ਫ਼ਰਕ ਨਾਂ ਆਇਆ ਸਗੋਂ ਹਰਪ੍ਰੀਤ ਉਪਰ ਜ਼ੁਲਮ ਦਿਨੋਂ-ਦਿਨ ਜ਼ਿਆਦਾ ਹੀ ਹੁੰਦਾ ਗਿਆ ਤੇ ਆਖੀਰ ਇੱਕ ਦਿਨ ਇਹਨਾਂ ਦੁੱਖਾਂ ਤੋਂ ਦੁੱਖੀ ਹੋਈ ਹਰਪ੍ਰੀਤ ਇਹਨਾਂ ਸਭ ਦੁੱਖਾਂ ਤੋਂ ਸਦਾ ਲਈ ਦੂਰ ਚਲੀ ਗਈ।

ਰਵੀ ਨਿਰਮਲ ਦਾ ਲੜਕਾ ਅਜੇ ਪੂਰੇ ਸਾਲ ਦਾ ਵੀ ਨਹੀਂ ਹੋਇਆ ਸੀ ਕਿ ਉਸਦੀ ਮਾਂ ਹਰਪ੍ਰੀਤ ਉਸਨੂੰ ਛੱਡ ਕੇ ਚਲੀ ਗਈ ਸੀ ਇਸ ਲਈ ਰਵੀ ਨੂੰ ਸੰਭਾਲਣ ਲਈ ਕਿਸੇ ਨਾਂ ਕਿਸੇ ਦਾ ਹੋਣਾ ਬਹੁਤ ਜ਼ਰੂਰੀ ਸੀ। ਸੋ ਨਿਰਮਲ ਨੇਂ ਆਪਣੇ ਮਾਂ ਪਿਉ ਨੂੰ ਚਿੱਠੀ ਪਾ ਦਿੱਤੀ ਕਿ ਕੋਈ ਹੋਰ ਕੁੜੀ ਦੇਖੀ ਜਾਏ ਸੋ ਠਾਣੇਦਾਰਨੀ ਨੇਂ ਆਪਣੇ ਪੁੱਤਰ ਨਿਰਮਲ ਲਈ ਦੁਬਾਰਾ ਰਿਸ਼ਤੇ ਦੀ ਗੱਲ ਤੋਰੀ। ਨਿਰਮਲ ਦੇ ਘਰਾਂ ਵਿੱਚੋਂ ਹੀ ਨਿਰਮਲ ਦੀ ਇੱਕ ਚਾਚੀ ਨੇਂ ਆਪਣੇ ਪਿੰਡ ਘੋਲੀਏ ਤੋਂ ਆਪਣੀ ਭਤੀਜੀ ਬਾਬਤ ਗੱਲਬਾਤ ਕੀਤੀ। ਰਜਿੰਦਰ ਉਦੋਂ ਲੁਧਿਆਣੇ

ਕਾਲਜ ਵਿੱਚ ਪੜ੍ਹਦੀ ਸੀ। ਜੋ ਰਾਜਿੰਦਰ ਦੀ ਮਾਂ ਭੂਆ ਅਤੇ ਠਾਣੇਦਾਰਨੀ ਰਾਜਿੰਦਰ ਨੂੰ ਲੁਧਿਆਣੇ ਜਾ ਕੇ ਵੇਖ ਆਈਆਂ। ਰਾਜਿੰਦਰ ਵੀ ਹਰਪ੍ਰੀਤ ਦੀ ਤਰ੍ਹਾਂ ਪੜ੍ਹੀ ਲਿਖੀ ਤੇ ਸਿਆਣੀ ਕੁੜੀ ਸੀ। ਪਰ ਘਰੋਂ ਬਹੁਤ ਅਮੀਰ ਨਾਂ ਹੋਣ ਕਰਕੇ ਰਾਜਿੰਦਰ ਦੀ ਮਾਂ ਦਾਜ-ਦਹੇਜ ਦੀ ਮੰਗ ਤੋਂ ਡਰਦੀ ਸੀ ਪਰ ਰਾਜਿੰਦਰ ਦੀ ਭੂਆ ਵਿਚੋਲਣ ਹੋਣ ਕਰਕੇ ਰਿਸ਼ਤਾ ਕਰ ਹੀ ਦਿੱਤਾ। ਉਸ ਸਮੇਂ ਤਾਂ ਨਿਰਮਲ ਨੂੰ ਰਵੀ ਨੂੰ ਸੰਭਾਲਣ ਵਾਸਤੇ ਹੀ ਕਿਸੇ ਦੀ ਜ਼ਰੂਰਤ ਸੀ। ਜੋ ਉਸਨੇ ਜਲਦੀ ਹੀ ਟਿਕਟ ਭੇਜ ਕੇ ਰਾਜਿੰਦਰ ਨੂੰ ਕੈਨੇਡਾ ਵਿਜ਼ਟਰ ਹੀ ਮੰਗਾ ਲਿਆ। ਜਦੋਂ ਕੈਨੇਡਾ ਪਹੁੰਚ ਕੇ ਰਾਜਿੰਦਰ ਨੂੰ ਰਵੀ ਦੀ ਬਾਬਤ ਪਤਾ ਲੱਗਾ ਤਾਂ ਉਸਦਾ ਦਿਲ ਬਹੁਤ ਦੁਖੀ ਹੋਇਆ ਪਰ ਫਿਰ ਆਪਣੀ ਕਿਸਮਤ ਅਤੇ ਸੰਜੋਗ ਸਮਝ ਕੇ ਘਰ ਸੰਭਾਲਣ ਲੱਗੀ।

ਰਾਜਿੰਦਰ ਨੂੰ ਕੁਝ ਦਿਨਾਂ ਬਾਅਦ ਹੀ ਮਹਿਸੂਸ ਹੋਣ ਲੱਗ ਪਿਆ ਕਿ ਉਸਨੂੰ ਘਰ ਵਿੱਚ ਇੱਕ ਨੌਕਰ ਦੀ ਤਰ੍ਹਾਂ ਹੀ ਸਮਝਿਆ ਜਾਣ ਲੱਗਾ ਹੈ। ਉਸਦੀ ਘਰ ਵਿੱਚ ਹੈਸੀਅਤ ਕਿਸੇ ਤਰ੍ਹਾਂ ਵੀ ਇੱਕ ਨੌਕਰ ਨਾਲੋਂ ਵੱਧ ਨਹੀਂ ਜਿਸਦੀ ਜ਼ਿੰਮੇਵਾਰੀ ਸਿਰਫ਼ ਘਰ ਰਸੋਈ ਤੇ ਬੱਚੇ ਸੰਭਾਲਣਾ ਹੀ ਹੋਵੇ। ਕੁਝ ਦਿਨਾਂ ਵਿੱਚ ਹੀ ਉਸ ਨਾਲ ਵੀ ਹਰਪ੍ਰੀਤ ਦੀ ਤਰਾਂ ਹੀ ਸਲੂਕ ਹੋਣ ਲੱਗਾਂ। ਪਰ ਰਾਜਿੰਦਰ ਹਰਪ੍ਰੀਤ ਦੀ ਤਰਾਂ ਦੁੱਖ ਦਰਦ ਆਪਣੇ ਅੰਦਰ ਨਾਂ ਪੀ ਸਕੀ। ਉਸਨੇ ਆਪਣੀ ਮਾਂ ਨੂੰ ਚਿੱਠੀ ਲਿਖੀ ਆਪਣੀ ਬਾਬਤ ਸੱਭ ਕੁੱਝ ਲਿਖਿਆ। ਪਰ ਮਾਂ ਵਿਚਾਰੀ ਹਜ਼ਾਰਾਂ ਮੀਲ ਦੂਰ ਬੈਠੀ ਕੀ ਕਰ ਸਕਦੀ ਸੀ। ਉਹ ਰਾਜਿੰਦਰ ਦੀ ਭੂਆ ਨੂੰ ਨਾਲ ਲੈ ਕੇ ਠਾਣੇਦਾਰਨੀ ਕੋਲ ਗਈ ਅਤੇ ਨਿਰਮਲ ਦੀ ਬਾਬਤ ਚਿੱਠੀ ਉਸਨੂੰ ਵਿਖਾਈ। ਪਰ ਠਾਣੇਦਾਰਨੀ ਨੇ ਪੈਰਾਂ ਉਪਰ ਪਾਣੀ ਨਾਂ ਪੈਣ ਦਿੱਤਾ। ਸਗੋਂ ਉਲਟਾ ਰਾਜਿੰਦਰ ਦੀਆਂ ਨੂੰ ਝਾੜ ਝੰਬ ਕੇ ਮੋੜ ਦਿੱਤਾ। ਰਾਜਿੰਦਰ ਪੜ੍ਹੀ ਲਿਖੀ ਤੇ ਹੌਸਲੇ ਵਾਲੀ ਕੁੜੀ ਸੀ ਉਸਨੇ ਦਿਲ ਨਾਂ ਛੱਡਿਆ ਅਤੇ ਨਿਰਮਲ ਨਾਲ ਸਿੱਝਣ ਦਾ ਮਨ ਬਣਾ ਲਿਆ। ਰਾਜਿੰਦਰ ਨੂੰ ਉਸਦੇ ਸਾਹਮਣੇ ਘਰ ਵਾਲੀ ਗੁਆਂਢਣ ਬਰੌਨ ਤੋਂ ਨਿਰਮਲ ਦੀ ਬਾਬਤ ਸਭ ਪਤਾ ਲੱਗ ਚੁੱਕਾ ਸੀ ਅਤੇ ਬਰੌਨ ਨੇ ਰਾਜਿੰਦਰ ਨੂੰ ਹਰਪ੍ਰੀਤ ਦੀ ਬਾਬਤ ਵੀ ਦੱਸਿਆ ਕਿ ਹਰਪ੍ਰੀਤ ਬਹੁਤ ਚੰਗੀ ਕੁੜੀ ਸੀ। ਪਰ ਨਿਰਮਲ ਦੀ ਨਿਤ ਦੀ ਕੁਟਮਾਰ ਤੋਂ ਦੁੱਖੀ ਹੋਈ ਵੀ ਆਪਣੀ ਜਾਨ ਦੇ ਗਈ। ਰਾਜਿੰਦਰ ਦਾ ਦਿਲ ਨਿਰਮਲ ਵਿਰੁੱਧ ਖਿਝਦਾ ਅਤੇ ਹਰਪ੍ਰੀਤ ਪ੍ਰਤੀ ਹਮਦਰਦੀ ਨਾਲ ਭਰ ਗਿਆ। ਅੱਜ ਰਾਤ ਫਿਰ ਨਿਰਮਲ ਸ਼ਰਾਬ ਨਾਲ ਰੱਜ ਕੇ ਅੱਧੀ ਰਾਤ ਘਰ ਆਇਆ ਸੀ।

ਉਸਨੇ ਆਉਂਦੇ ਹੀ ਰਾਜਿੰਦਰ ਨੂੰ ਗਾਲ੍ਹਾਂ ਕੱਢਣੀਆ ਸ਼ੁਰੂ ਕਰ ਦਿੱਤੀਆਂ। ਰਾਜਿੰਦਰ ਜਰ ਨਾਂ ਸੱਕੀ। ਉਸ ਨੇ ਵੀ ਅੱਗੋਂ ਨਿਰਮਲ ਨੂੰ ਮੂੰਹ ਬੰਦ ਕਰਨ ਲਈ ਆਖ ਦਿੱਤਾ। ਨਿਰਮਲ ਨੇਂ ਇੱਕ ਨੁੱਕਰੇ ਪਈ ਹਾਕੀ ਚੁੱਕ ਲਈ ਅਤੇ ਰਾਜਿੰਦਰ ਦੇ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਕੁੱਤੀਏ ਹਰਾਮ ਜ਼ਾਦੀਏ ਤੇਰੀ ਇਹ ਹਿੰਮਤ ਮੇਰੇ ਸਾਹਮਣੇ ਬੋਲੇਂ ਮੈਂ ਤੇਰੀਆਂ ਹੱਡੀਆਂ ਭੰਨ ਦਿਆਂਗਾ ਮੈਂ ਤੈਨੂੰ ਜਾਨੋਂ ਮਾਰ ਦਿਆਂਗਾ। ਨਿਕਲ ਜਾ ਮੇਰੇ ਘਰੋਂ ਤੇਰੀ ਮਾਂ ਦੀ... ਤੇਰੀ ਭੈਣ ਦੀ.... ਅਤੇ ਉਸੇ ਹੀ ਰਾਤ ਨਿਰਮਲ ਨੇ ਰਾਜਿੰਦਰ ਨੂੰ ਘਰੋਂ ਬਾਹਰ ਕਰ ਦਿੱਤਾ। ਰਾਜਿੰਦਰ ਦਾ ਵਿਆਹ ਇੰਡੀਆ ਹੀ ਹੋਇਆ ਸੀ ਉਹ ਵੀ ਨਿਰਮਲ ਦੀ ਫੋਟੋ ਨਾਲ ਜਿਸਦੀ ਕਿ ਕੈਨੇਡਾ ਵਿੱਚ ਕੋਈ ਕੀਮਤ ਨਹੀਂ ਸੀ ਅਤੇ ਨਾਂ ਹੀ ਰਾਜਿੰਦਰ ਕੋਲ ਕੋਈ ਵਿਆਹ ਆਦਿ ਦਾ ਸਰਟੀਫਿਕੇਟ ਸੀ ਉਹ ਤਾਂ ਕੈਨੇਡਾ ਵਿਜ਼ਟਰ ਹੀ ਆਈ ਸੀ ਉਹ ਕਿਸੇ ਨੂੰ ਜਾਣਦੀ ਵੀ ਨਹੀਂ ਸੀ। ਜੇ ਹੁਣ ਜਾਏ ਤਾਂ ਕਿਥੇ ਜਾਏ। ਆਖਿਰ ਉਹ ਆਪਣੀ ਮਾਂ ਵਰਗੀ ਗੁਆਂਢਣ ਬਰੌਨ ਦੇ ਘਰ ਚਲੀ ਗਈ ਤੇ ਉਸਨੂੰ ਸਾਰੀ ਗੱਲਬਾਤ ਦੱਸੀ। ਬਰੌਨ ਨੂੰ ਬਹੁਤ ਦੁੱਖ ਹੋਇਆ ਉਸਨੇ ਰਾਜਿੰਦਰ ਨੂੰ ਹੌਸਲਾ ਦਿੱਤਾ। ਬਰੌਨ ਦੇ ਘਰ ਵਾਲਾ B.C.R. ਵਿੱਚ ਕੰਮ ਕਰਦਾ ਸੀ ਉਹ ਅੱਠਾਂ ਦਸਾਂ ਦਿਨਾਂ ਬਾਦ ਹੀ ਘਰ ਆਉਂਦਾ ਸੀ ਬਰੌਨ ਨੇਂ ਰਾਜਿੰਦਰ ਨੂੰ ਤਸੱਲੀ ਦਿੱਤੀ ਤੇ ਆਪਣੇ ਘਰ ਵਾਲੇ ਦੇ ਆਉਣ ਤੱਕ ਆਪਣੇ ਘਰ ਹੀ ਰੁਕਣ ਲਈ ਆਖਿਆ। ਦੂਸਰੇ ਦਿਨ ਸਵੇਰੇ ਹੀ ਦਿਲਦਾਰ ਜੋ ਕਿ ਬਰੌਨ ਦੀ ਬੇਸਮੈਂਟ ਵਿੱਚ ਹੀ ਰਹਿੰਦਾ ਸੀ ਡਾਕ ਪਤਾ ਕਰਨ ਉਪਰ ਗਿਆ ਤਾਂ ਉਸਨੇ ਬਰੌਨ ਅਤੇ ਰਾਜਿੰਦਰ ਨੂੰ ਬਹੁਤ ਉਦਾਸ ਹਾਲਤ ਵਿੱਚ ਬੈਠੇ ਵੇਖਿਆ। ਬਰੌਨ ਦਿਲਦਾਰ ਨੂੰ ਆਪਣਾ ਪੁੱਤਰ ਹੀ ਸਮਝਦੀ ਸੀ ਅਤੇ ਉਸਦੇ ਆਪਣੇ ਕੋਈ ਪੁੱਤਰ ਨਾਂ ਹੋਣ ਕਰਕੇ ਦਿਲਦਾਰ ਨੂੰ ਪੁੱਤਰਾਂ ਵਾਂਗ ਹੀ ਪਿਆਰ ਕਰਦੀ ਸੀ। ਉਸਨੇ ਦਿਲਦਾਰ ਨੂੰ ਸਾਰੀ ਗੱਲ ਦੱਸੀ ਕਿ ਕਿਵੇਂ ਨਿਰਮਲ ਨੇ ਰਾਜਿੰਦਰ ਨੂੰ ਰਾਤ ਨੂੰ ਕੁੱਟ ਮਾਰ ਕੇ ਘਰੋਂ ਕੱਢ ਦਿੱਤਾ। ਦਿਲਦਾਰ ਨੂੰ ਸੁਣਕੇ ਬਹੁਤ ਦੁੱਖ ਹੋਇਆ। ਉਸਨੇ ਰਾਜਿੰਦਰ ਦੀ ਹਰ ਮਦਦ ਕਰਨ ਦਾ ਯਕੀਨ ਦੁਆਇਆ। ਪਰ ਵਿਆਹ ਦਾ ਕੋਈ ਵੀ ਸਬੂਤ ਨਾਂ ਹੋਣ ਕਰਕੇ ਉਹ ਕੁੱਝ ਵੀ ਨਹੀਂ ਕਰ ਸਕਦੇ ਸੀ ਦਿਲਦਾਰ ਨੇ ਹੋਰ ਜ਼ਿਆਦਾ ਖਰਾਬ ਹੋਣ ਨਾਲੋਂ ਰਾਜਿੰਦਰ ਨੂੰ ਇੰਡੀਆ ਮੁੜ ਜਾਣ ਦੀ ਸਲਾਹ ਦਿੱਤੀ ਕਿਉਂਕਿ ਇੰਡੀਆ ਜਾ ਕੇ ਨਿਰਮਲ ਦੇ ਮਾਂ ਪਿਉ ਨਾਲ ਤਾਂ ਗੱਲਬਾਤ ਹੋ ਸਕਦੀ ਹੈ ਅਤੇ ਤੀਸਰੇ ਹੀ ਦਿਨ ਬਰੌਨ ਅਤੇ ਦਿਲਦਾਰ ਰਾਜਿੰਦਰ ਨੂੰ ਇੰਡੀਆ ਲਈ ਜਹਾਜ਼ ਚੜ੍ਹਾ ਆਏ। ਰਾਜਿੰਦਰ ਇੰਡੀਆ ਪਹੁੰਚਕੇ ਆਪਣੇ ਘਰ ਜਾ ਬੈਠੀ ਉਸਨੇ ਆਪਣਾ ਦੁੱਖ ਕਿਸੇ ਨੂੰ ਵੀ ਨਾਂ ਦੱਸਿਆ ਪਰ ਉਸਨੇ ਆਪਣੇ ਦਿਲ ਵਿਚ ਸਹੁੰ ਖਾ ਲਈ ਕਿ ਉਹ ਨਿਰਮਲ ਤੋਂ ਬਦਲਾ ਜ਼ਰੂਰ ਲਏਗੀ।

ਅਜੇ 6 ਕੁ ਮਹੀਨੇ ਹੀ ਲੰਘੇ ਸਨ ਕਿ ਨਿਰਮਲ ਆਪਣੀ ਮਨ ਪਸੰਦ ਦਾ ਵਿਆਹ ਕਰਾਉਣ ਲਈ ਇੰਡੀਆ ਆ ਗਿਆ ਤੇ ਇਸ ਗੱਲ ਦਾ ਰਾਜਿੰਦਰ ਨੂੰ ਵੀ ਪਤਾ ਲੱਗ ਗਿਆ। ਰਾਜਿੰਦਰ ਦੇ ਦਿਲ ਵਿੱਚ ਬਦਲੇ ਦੀ ਅੱਗ ਮੱਚ ਉੱਠੀ ਤੇ ਦੂਸਰੇ ਪਾਸੇ ਉਹ ਇੱਕ ਹੋਰ ਮਸੂਮ ਅਣਜਾਣ ਮੁਟਿਆਰ ਨੂੰ ਜ਼ਾਲਮ ਦੇ ਪੰਜੇ ਤੋਂ ਛੁਡਾਉਣ ਦੀ ਬਾਬਤ ਸੋਚਣ ਲੱਗੀ। ਰਾਜਿੰਦਰ ਨੇਂ ਆਪਣੀਆਂ ਸਾਰੀਆਂ ਟੂੰਮਾਂ ਵੇਚ ਕੇ ਆਪਣੀ ਮਾਸੀ ਦੀ ਮਦਦ ਨਾਲ ਇੱਕ

-ਬਾਕੀ ਸਫ਼ਾ 30 'ਤੇ

# ਸਰਬ ਕੈਨੇਡਾ ਪੰਜਾਬੀ ਲੇਖਕ ਜਥੇਬੰਦੀ ਦੀ ਲੋੜ

### ਵੈਨਕੂਵਰ ਵਿੱਚ ਇੱਕ ਵਿਸ਼ੇਸ਼ ਮੀਟਿੰਗ

ਪੰਜਾਬੀ ਲੇਖਕਾਂ ਦੀ ਇਕ ਗੈਰ-ਰਸਮੀ ਮੀਟਿੰਗ ਗੁਰਚਰਨ-ਰਾਮਪੁਰੀ ਦੇ ਘਰ 24 ਜੁਲਾਈ 1982 ਨੂੰ ਹੋਈ। ਰਾਮਪੁਰੀ ਅਤੇ ਦਰਸ਼ਨ ਗਿੱਲ (ਫੋਰਟ ਨੈਲਸਨ) ਨੇ ਵੈਨਕੂਵਰ ਏਰੀਏ ਦੇ ਸਾਰੇ ਲੇਖਕਾਂ ਨੂੰ ਇਸ ਮੀਟਿੰਗ ਵਿਚ ਸ਼ਾਮਲ ਹੋਣ ਲਈ ਪਹੁੰਚ ਕੀਤੀ। ਕੁੱਝ ਲੇਖਕ ਨਿਜੀ ਰੁਝੇਵਿਆਂ ਅਤੇ ਕਾਰਨਾਂ ਕਰਕੇ ਸ਼ਾਮਲ ਨਾ ਹੋ ਸਕੇ। ਕੁਝ ਲੇਖਕ ਫੋਨ ਕਰਨ ਉਪਰ ਮਿਲ ਨਾ ਸਕੇ। ਫੇਰ ਵੀ ਇਸ ਮੀਟਿੰਗ ਵਿਚ ਸਰਬ ਸ੍ਰੀ ਗੁਰਚਰਨ ਰਾਮਪੁਰੀ, ਦਰਸ਼ਨ ਗਿੱਲ, ਜਸਵੰਤ ਮੰਗਟ, ਸਾਧੂ, ਸੂਫੀ ਅਮਰਜੀਤ, ਅਜਮੇਰ ਰੋਡੇ, ਸੁਰਜੀਤ ਕਲਸੀ, ਮਹਿੰਦਰ ਸੂਮਲ, ਸਰਵਣ ਬੋਲ ਅਤੇ ਅਮਰਜੀਤ ਚਾਹਲ ਨੇ ਭਾਗ ਲਿਆ।

ਪਹਿਲਾਂ ਦਰਸ਼ਨ ਗਿੱਲ, ਅਜਮੇਰ ਰੋਡੇ, ਗੁਰਚਰਨ ਰਾਮਪੁਰੀ ਅਤੇ ਸੁਰਜੀਤ ਕਲਸੀ ਨੇ ਆਪਣੀਆਂ ਕਵਿਤਾਵਾਂ ਪੜ੍ਹੀਆਂ ਜਿਸ ਨਾਲ ਮਾਹੌਲ ਬੜਾ ਖੁਸ਼ਗਵਾਰ ਬਣ ਗਿਆ।

ਇਸ ਤੋਂ ਮਗਰੋਂ ਪੂਰਬੀ ਕੈਨੇਡਾ ਦੇ ਲੇਖਕਾਂ ਵਲੋਂ ਸਰਬ ਕੈਨੇਡਾ ਪੰਜਾਬੀ ਲੇਖਕ ਜਥੇਬੰਦੀ ਬਣਾਉਣ ਦੀ ਇੱਛਾ ਉਪਰ ਵਿਚਾਰ ਕੀਤੀ ਗਈ। ਇਸ ਸੰਬੰਧੀ ਦਰਸ਼ਨ ਗਿੱਲ ਅਤੇ ਅਜਮੇਰ ਰੋਡੇ ਨੇ ਆਪਣੀ ਜਾਣਕਾਰੀ ਦਿੱਤੀ। ਦਰਸ਼ਨ ਗਿੱਲ ਤੋਂ ਪਤਾ ਲੱਗਾ ਕਿ ਪੂਰਬੀ ਕੈਨੇਡਾ ਦੇ ਪੰਜਾਬੀ ਲੇਖਕਾਂ ਨੇ ਕਿਸੇ ਅਜਿਹੀ ਜਥੇਬੰਦੀ ਨੂੰ ਰਜਿਸਟਰਡ ਵੀ ਕਰਵਾ ਲਿਆ ਪਰ ਉਸ ਦੀ ਕਮੇਟੀ ਨੂੰ ਐਡਹਾਕ ਕਮੇਟੀ ਦਾ ਨਾਂ ਦਿੱਤਾ ਹੈ। ਇਸ ਉਪਰ ਸਾਰਿਆਂ ਉਨ੍ਹਾਂ ਦੇ, ਬਿਨਾਂ ਕਿਸੇ ਖੁਲ੍ਹੇ ਵਿਚਾਰ ਵਟਾਂਦਰੇ ਤੋਂ, ਕਾਹਲ ਨਾਲ ਚੁੱਕੇ ਕਦਮ ਉਪਰ ਕਿੰਤੂ ਕੀਤਾ। ਇਸ ਬਾਰੇ ਵਤਨੋਂ ਦੂਰ ਦੇ ਮਈ-ਜੂਨ ਦੇ ਐਡੀਟੋਰੀਅਲ ਨੂੰ ਪੜ੍ਹਿਆ ਗਿਆ।

ਇਹ ਆਸ ਕੀਤੀ ਗਈ ਕਿ ਕੈਨੇਡਾ ਦੇ ਸਾਰੇ ਪੰਜਾਬੀ ਲੇਖਕ, ਕੈਨੇਡਾ ਪੱਧਰ ਦੀ ਕਿਸੇ ਜਥੇਬੰਦੀ ਦੀ ਲੋੜ ਨੂੰ ਗੰਭੀਰਤਾ ਨਾਲ ਵਿਚਾਰ ਕਰਕੇ ਕਿਸੇ ਸਾਂਝੇ ਸਿੱਟੇ ਤੇ ਪੁੱਜ ਜਾਣਗੇ। ਇਸ ਬਾਰੇ ਵਿਸ਼ਾਲ ਦ੍ਰਿਸ਼ਟੀ ਕੋਣ ਅਪਣਾ ਕੇ, ਇਕ ਖੁੱਲੇ ਵਿਚਾਰ ਵਟਾਂਦਰੇ ਦੀ ਲੋੜ ਹੈ। ਬਹਿਸ ਵਿਚ ਸਾਰੇ ਲੇਖਕਾਂ ਨੇ ਭਾਗ ਲਿਆ।

ਅੰਤ ਵਿਚ ਫੈਸਲਾ ਲਿਆ ਗਿਆ ਕਿ ਕੈਨੇਡਾ ਦੇ ਸਾਰੇ ਲੇਖਕਾਂ ਅਤੇ ਪੰਜਾਬੀ ਲੇਖਕ ਸਭਾਵਾਂ ਕੈਨੇਡਾ ਵਿਚ ਪੰਜਾਬੀ ਦੇ ਛਪਦੇ ਪਰਚਿਆਂ ਵਿਚ ਲੇਖ ਲਿਖ ਕੇ ਆਪਣੇ ਵਿਚਾਰ ਪੇਸ਼ ਕਰਨਗੇ, ਤਾਂ ਜੋ ਹਰ ਇਕ ਲੇਖਕ ਦੇ ਦ੍ਰਿਸ਼ਟੀ ਕੋਣ ਨੂੰ ਸਾਰੇ ਲੇਖਕ ਅਤੇ ਪਾਠਕ ਵਿਚਾਰ ਸਕਣ। ਇਸ ਤਰ੍ਹਾਂ ਕੈਨੇਡਾ ਪੱਧਰ ਦੀ ਪੰਜਾਬੀ ਲੇਖਕਾਂ ਦੀ ਜਥੇਬੰਦੀ ਦੇ ਹੋਂਦ ਵਿਚ ਲਿਆਉਣ ਲਈ ਨਿੱਗਰ ਆਧਾਰ ਤਿਆਰ ਹੋ ਸਕੇਗਾ।

ਵਲੋਂ: "ਸੂਫੀ" ਅਮਰਜੀਤ ਵੈਨਕੂਵਰ

## ਇੱਕ ਖ਼ਤ

ਇਸ ਵਾਰ ਦੇ ਸੰਪਾਦਕੀ ਵਿਚ ਜਿਹੜੀ ਤੁਸੀਂ ਕੈਨੇਡਾ ਦੇ ਲੇਖਕਾਂ ਦੀ ਕੌਮੀ ਪੱਧਰ ਦੀ ਜਥੇਬੰਦੀ ਦੀ ਗੱਲ ਤੋਰੀ ਹੈ ਇਸ ਬਾਰੇ ਅਸੀਂ ਓਂਟੇਰੀਓ ਵਿਚ ਬਹੁਤ ਦੇਰ ਤੋਂ ਚਰਚਾ ਛੇੜੀ ਹੋਈ ਹੈ। ਅਖੌਤੀ ਵਿਸ਼ਵ ਸੰਮੇਲਨ ਦੇ ਠੁੱਸ ਹੋ ਜਾਣ ਤੋਂ ਬਾਅਦ ਅਜਿਹੀ ਜਥੇਬੰਦੀ ਦੀ ਲੋੜ ਦੀ ਵਧੇਰੇ ਲੋੜ ਵੀ ਅਨੁਭਵ ਹੋਣੀ ਸ਼ੁਰੂ ਹੋ ਗਈ ਹੈ। ਪਿਛਲੇ ਕੁੱਝ ਸਾਲਾਂ ਵਿਚ ਕੈਨੇਡਾ ਦੇ ਪੁਰਾਣੇ ਲੇਖਕਾਂ ਨੇ ਜੋ ਗੈਰ ਜ਼ਿੰਮੇਵਾਰਾਨਾ ਵਤੀਰਾ ਫੜੀ ਰੱਖਿਆ ਹੈ ਅਜਿਹੇ ਅਖੌਤੀ ਵਿਸ਼ਵ ਸੰਮੇਲਨ ਦੀ ਪੈਦਾਵਾਰ ਦੀ ਜ਼ਿੰਮੇਵਾਰੀ ਵੀ ਏਨਾਂ ਲੋਕਾਂ ਸਿਰ ਹੀ ਆਉਂਦੀ ਹੈ। ਇਹ ਭਾਰਤ ਹੋਵੇ ਜਾਂ ਕੈਨੇਡਾ ਇਹ ਪੁਰਾਣੇ ਲੇਖਕ (ਸਥਾਪਤ ਜਾਂ ਸਥਾਪਤੀ ਦੇ ਤੁਲੇਖੇ ਵਿਚ ਰਹਿ ਰਹੇ) ਹਰ ਥਾਂ ਜਾਂ ਤਾਂ ਸਥਾਪਤੀ ਦੇ ਹੱਕ ਵਿਚ ਚੁੱਪ ਵੱਟੀ ਰੱਖਣਗੇ ਅਤੇ ਜਾਂ ਕਿਸੇ ਵੀ ਜ਼ਰੂਰੀ ਮਸਲੇ ਸਬੰਧੀ ਨਵੇਂ ਲੇਖਕਾਂ ਨੂੰ ਉਲਝਾਈ ਰੱਖਣ ਦੀ ਹੀ ਕੋਸ਼ਿਸ਼ ਕਰਨਗੇ।

ਅਜਿਹੇ ਕੁੱਝ ਸੁਆਲਾਂ ਨੂੰ ਵਿਚਾਰ ਵਿਚ ਰੱਖਦਿਆਂ ਜਦੋਂ ਵੀ ਕੌਮੀ ਪੱਧਰ ਉਤੇ ਕਿਸੇ ਜਥੇਬੰਦੀ ਦੀ ਗੱਲ ਤੁਰੇ ਤਾਂ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ ਕਿ ਇਨ੍ਹਾਂ ਪੁਰਾਣੇ ਲੇਖਕਾਂ ਦੇ ਹੱਥ ਵਿਚ ਕਦੇ ਵੀ ਲੋੜ ਤੋਂ ਵੱਧ ਤਾਕਤ ਨਾ ਦਿੱਤੀ ਜਾਵੇ ਅਤੇ ਕੌਮੀ ਪੱਧਰ ਦੇ ਸੁਆਲਾਂ ਨੂੰ ਨਜਿੱਠਣ ਲਈ ਨਵੀਂ ਪੀੜ੍ਹੀ ਦੇ ਵੱਧ ਤੋਂ ਵੱਧ ਲੇਖਕਾਂ ਨੂੰ ਇਸ ਨਾਲ ਜੋੜਿਆ ਜਾਵੇ।

ਅਜਿਹੀ ਕਿਸੇ ਵੀ ਜਥੇਬੰਦੀ ਦਾ ਕੌਮੀ ਦਫਤਰ, ਮੇਰੀ ਰਾਏ ਵਿਚ ਸੈਂਟਰਲ ਕੈਨੇਡਾ ਵਿਚ ਰੱਖਿਆ ਜਾਵੇ। ਤੁਹਾਡੇ ਵਲੋਂ ਉਠਾਏ ਗਏ ਅਜਿਹੇ ਹਰ ਕਦਮ ਵਿਚ ਮੇਰੀਆਂ ਸ਼ੁਭ ਇਛਾਵਾਂ ਤੁਹਾਡੇ ਨਾਲ ਹਨ।

ਸੁਖਿੰਦਰ

# AMBIKA

## WAREHOUSE

# CLEARANCE SALE!

CASH & CARRY

ਸਪਲਿਟ ਮਟਰ

SPLIT PEAS lb. .......................... 29¢

ਮਾਂਹ

CASH & CARRY

MANH lb. .......................... 49¢

ਮੂੰਗ

CASH & CARRY

MOONG lb. .......................... 49¢

ਮਸਰ

MASAR lb. .......................... 49¢

CASH & CARRY

ਕਾਲੇ ਛੋਲੇ

BLACK CHANNA lb. .......... 59¢

ਹਰਹਰ ਦੀ ਦਾਲ

CASH & CARRY

HARHAR DAL lb. .................... 49¢

ਬਾਸਮਤੀ ਚੌਲ

CASH & CARRY

BASMATI lb. .......................... 69¢

ਲਦੀ

ALDI lb. .............................. 99¢

ਾਬਤ ਧਨੀਆਂ

HANIA WHOLE lb. .............. 99¢

ਸਟਾਕ ਸਾਰਾ ਜ਼ਰੂਰ

ਹੀ ਵੇਚਣਾ ਹੈ

ਇਹ ਵੇਅਰਹਾਊਸ ਸੇਲ

ਰੋਜ਼ ਰੋਜ਼ ਨਹੀਂ

ਲਗਦੀ

ਇਸ ਲਗਾਈ ਹੋਈ ਸੇਲ

ਦਾ ਫਾਇਦਾ ਉਠਾਓ

ਆਪਣੀਆਂ ਕਾਰਾਂ ਜਾਂ

ਟ੍ਰੱਕੀਆਂ ਲੈ ਆਓ ਤੇ

ਭਰ ਭਰ ਕੇ ਲੈ ਜਾਓ

ਇਹ ਸੇਲ ੩੧ ਅਗਸਤ ਤੱਕ ਰਹੇਗੀ

**327-0295**

Warehouse

**381 RAILWAY STREET, VAN., B.C.**

ਰਲਿਆ ਮਿਲਿਆ ਮਸਾਲਾ

MIXED MASALA lb. .................... 99¢

ਸਰੋਂ ਦਾ ਸਾਗ

SARON KA SAAG 4 cans ....... $1 00

ਮੋਠ

MOTH 4 cans .............................. $1 00

ਪਚਰੰਗਾ ਅਚਾਰ

PACHARANGA ACHAR ..... $1 49

ਬਦਾਮ

ALMONDS lb. ............................ $1 89

ਵੈਜੀਟੇਬਲ ਤੇਲ

VEGETABLE OIL 3 lit. ........... $3 49

ਆਟਾ

ATTA 10 kg. ............................ $3 99

ਮਜ਼ੋਲਾ ਤੇਲ

MAZOLA OIL 3 lit. ...................... $4 89

ਲੌਂਗ੍ਰੇਨ ਚੌਲ

LONG GRAIN RICE 20 kg. ... $13 99

ਵੈਜੀਟੇਬਲ ਤੇਲ ਦੀ ਬਾਲਟੀ

VEGTABLE OIL 16 lit. ............ $15 99

**ਅਮਬੀਕਾ ਫੂਡਜ਼**

5125 VICTORIA

DRIVE VANCOUVER

ਰਿਵਾਲਵਰ ਲੈ ਲਿਆ। ਉਹ ਮੌਕੇ ਜਿਸਮਨ ਅਟਾਰੀ ਵਾਲੇ ਸਰਦਾਰਾਂ ਦੀ ਕੁੜੀ ਕਮਲਜੀਤ ਨੂੰ ਪਸੰਦ ਕਰ ਆਇਆ ਤੇ ਵਿਆਹ ਧਰ ਗਿਆ ਇਸ ਗੱਲ ਦਾ ਗੁਰਵਿੰਦਰ ਨੇ ਵੀ ਸਭ ਪਤਾ ਲਾ ਲਿਆ ਸੀ। ਗੁਰਵਿੰਦਰ ਦੀ ਵਿਆਹ ਵਾਲੇ ਦਿਨ ਭੇਸ ਬਦਲ ਕੇ ਅਟਾਰੀ ਪਹੁੰਚ ਗਈ ਜਦੋਂ ਹੀ ਜਿਸਮਨ ਲਾਵਾਂ ਲੈਣ ਲਈ ਖੜ੍ਹਾ ਹੋਇਆ ਤਾਂ ਤਿੰਨ ਗੋਲੀਆਂ ਉਹਦੇ ਸੀਨੇ ਵਿਚੋਂ ਪਾਰ ਹੋ ਗਈਆਂ ਅਤੇ ਜਿਸਮਨ ਉਥੇ ਹੀ ਮਿੱਟੀ ਦੀ ਢੇਰੀ ਹੋ ਗਿਆ। ਗੁਰਵਿੰਦਰ ਖੁਸ਼ ਸੀ ਕਿ ਉਸ ਜਿਸਮਨ ਦਾ ਕਤਲ ਕਰ ਕਮਲਜੀਤ ਦੀ ਇੱਜ਼ਤ ਦਾ ਕਤਲ ਹੋਣੋ ਬਚਾ ਲਿਆ ਹੈ।

o o o


**YOUR LOCAL REALTOR BUYING, SELLING OR TRADING YOUR PROPERTY — ALWAYS REMEMBER YOUR LOCAL REALTOR!**

**HARPAL TOOR**

Res. 524-9848
Off. 324-3888



ਹਰ ਤਰ੍ਹਾਂ ਦੀ ਜਾਇਦਾਦ ਖਰੀਦਣ ਜਾਂ ਨਕਦ ਵੇਚਣ ਲਈ

ਹਰਪਾਲ ਤੂਰ

ਨੂੰ ਸੇਵਾ ਦਾ ਮੌਕਾ ਦਿਓ!

REALTOR

T. J. LOVEROCK REALTY
5316 Victoria Dr., Van. B.C.

**BHARTI ART JEWELLERS**
**6524 MAIN ST. VANCOUVER, B.C.**

ਭਾਰਤੀ ਜਿਊਲਰ ਵਾਲਿਆਂ ਨੇ ਸੋਨੀ ਐਂਡ ਸਨਜ਼ ਦੀ ਦੁਕਾਨ ਵਾਲੀ ਜਗ੍ਹਾ ਖ਼ਰੀਦਕੇ ਆਪਣਾ ਬਹੁਤ ਅੱਛਾ ਸਟੋਰ ਖੁਲ੍ਹ ਲਿਆ ਹੈ ਸੋ ਸਾਡੇ ਨਵੇਂ ਸਟੋਰ ਵਿੱਚ ਆਕੇ ਵੀ ਦਰਸ਼ਨ ਦਿਓ

ਭਾਰਤੀ ਜਿਊਲਰ



OPEN: 9:30 A.M. - 7:30 P.M.

**PAUL'S**
*PLUMBING & ELECTRICAL SUPPLY*



DO YOU NEED PLUMBING OR ELECTRICAL SUPPLIES AND SERVICE FOR NEW HOMES OR FOR RENOVATIONS? OUR PRICES ARE VERY COMPETITIVE AND WE ASSURE YOU WE WILL HAVE EVERYTHING FOR YOU TO FINISH YOUR JOB. SO DROP IN AND
*CONTACT PAUL AT:*

4774 MAIN ST. (At 32nd) VANCOUVER, B.C.

PH: 872-3118 (Supply)
872-7227 (Service)

**MOONLIGHT**
*CARPETS CLEANED BY PROFESIONALS*




DEEP STEAM CLEANING, MOST MODERN EQUIPMENT.

ਆਮ ਕੀਮਤਾਂ ਵਿਚੋਂ 25% OFF

ਬਹੁਤ ਵਧੀਆ ਕੰਮ ਤੇ ਵਾਜਬ ਰੇਟ
ਹੋਰ ਜਾਣਕਾਰੀ ਲਈ ਫੋਨ ਕਰੋ

321-2029 or 324-1015

MOONLIGHT BUILDING MAINTENANCE
8167 MAIN ST., VANCOUVER, B.C. V5X 3L2

# ISLAND INSURANCE AGENCY LTD.

**Before You Insure It**
**Or Renew Your Existing Policy**
**See Us First**

ਹਰ ਕਿਸਮ ਦੇ ਬੀਮੇ ਲਈ ਤੁਹਾਡੇ ਸੁਘੜ
ਅਤੇ ਤਜਰਬੇਕਾਰ ਸਹਾਇਕ:-

ਮਲਕੀਤ ਸਿੰਘ ਅਠਵਾਲ



**MALKIAT SINGH ATHWAL**
FIELD MANAGER

**WE OFFER A COMPLETE INSURANCE SERVICE 12 MONTHS A YEAR.**

* Need Life Insurance
* Accident and Sickness Policy
* Business
* Commercial: Big or Small
  I Can Handle All
* Homeowner
* R.R.S.P.
* Travel Insurance
* And All Other Kinds of Insurance
  Needs

**BUS: 278-3707**
**278-2515**

**RES: 271-1490**

***For All Your Insurance Needs***

## Give me a call 'n see the difference.

**COMPLETE INSURANCE SERVICE SINCE 1917**

## ISLAND INSURANCE AGENCY LTD.

6700 No. 3 Road Phone 278-2515
Richmond, B.C. V6Y 2C3

ਪੰਜਾਬੀ ਦਾ ਸਾਹਿੱਤਕ ਤੇ ਸੱਭਿਆਚਾਰਕ ਦੋ ਮਾਸਕ ਪੱਤਰ

**WATNO DUR**
P.O. BOX 67681 STN. "O"
VANCOUVER, B.C. V5W 3V2

Second class mail Reg. No. 3233

To

# FRONTIER CLOTH HOUSE LTD.

**6695 MAIN STREET VANCOUVER, B.C.**


## THE KING OF SAREE

**Tel.: 325-3515**

*New*

**Tel.: 325-4424**

## We have the largest variety in Punjabi suits both in designs & Quality




## NEW DESIGNS & NEW FASHIONS

# SAREES

**NEW**

# JAPAN SAREE CENTRE

**6672 Main St. at 51st. Ave. Vancouver (Ph. 325-3515)**

WATNO DUR (Far from the Motherland) is a literary and cultural bi-monthly of PANJABI – the mother-tongue of East Panjab (India) and West Panjab (Pakistan) – published by WATNO DUR PUBLICATIONS (Reg'd). WATNO DUR has been serving Canadian readers since July, 1973. The contributors include well-known Panjabi writers from Canada, India, Pakistan and England.

**WATNO DUR**
P.O. BOX 67681 STN. "O"
VANCOUVER, B.C.
V5W 3V2